Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 83 | Thursday, April 28, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਵੀਕੈਂਡ ਤੋਂ ਪਹਿਲਾਂ ਜੀਟੀਏ ਵਿੱਚ ਵਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ



ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਇੱਕ ਵਾਰੀ ਫਿਰ ਵੀਕੈਂਡ ਤੋਂ ਪਹਿਲਾਂ ਗੈਸ ਦੀਆਂ ਕੀਮਤਾਂ ਵਿੱਚ ਇਜਾਫਾ ਹੋਣ ਦੀ ਸੰਭਾਵਨਾ ਹੈ। ਵੀਕੈਂਡ ਉਤੇ ਹੋਣ ਵਾਲੇ ਇਸ ਵਾਧੇ ਤੋਂ ਪਹਿਲਾਂ ਹੀ ਬੁੱਧਵਾਰ ਰਾਤ ਨੂੰ ਟੋਰਾਂਟੋ ਵਾਸੀ ਆਪਣੀਆਂ ਗੱਡੀਆਂ ਫੁੱਲ ਕਰਵਾਉਣਾ ਚਾਹੁਣਗੇ।

ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਅਨੁਸਾਰ ਵੀਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਚਾਰ ਸੈਂਟ ਦਾ ਵਾਧਾ ਹੋ ਸਕਦਾ ਹੈ, ਇਸ ਨਾਲ ਗੈਸ ਦੀ ਕੀਮਤ ਪ੍ਰਤੀ ਲੀਟਰ 1.83 ਡਾਲਰ ਤੱਕ ਪਹੁੰਚ ਜਾਵੇਗੀ। ਉਸ ਤੋਂ ਅਗਲੇ ਦਿਨ ਇੱਕ ਵਾਰੀ ਫਿਰ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਸ਼ੁੱਕਰਵਾਰ ਨੂੰ ਗੈਸ ਪ੍ਰਤੀ ਲੀਟਰ 1.87 ਡਾਲਰ ਤੱਕ ਅੱਪੜ ਸਕਦੀ ਹੈ।

ਕੁੱਲ ਮਿਲਾ ਕੇ ਮੋਟਰਿਸਟਸ ਨੂੰ ਅਗਲੇ 36 ਘੰਟਿਆਂ ਵਿੱਚ ਅੱਠ ਸੈਂਟ ਦਾ ਇਜਾਫਾ ਵੇਖਣ ਨੂੰ ਮਿਲ ਸਕਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਮੈਕਟੀਗ ਨੇ ਆਖਿਆ ਸੀ ਕਿ ਕੁੱਝ ਓਨਟਾਰੀਓ ਵਾਸੀਆਂ ਨੂੰ ਇਨ੍ਹਾਂ ਗਰਮੀਆਂ ਵਿੱਚ 2 ਡਾਲਰ ਪ੍ਰਤੀ ਲੀਟਰ ਤੱਕ ਗੈਸ ਲਈ ਅਦਾ ਕਰਨੇ ਪੈ ਸਕਦੇ ਹਨ।

## 50,000 ਡਾਲਰ ਤੋਂ ਘੱਟ ਕਮਾਈ ਕਰਨ ਵਾਲਿਆਂ ਲਈ ਫੋਰਡ ਸਰਕਾਰ ਟੈਕਸਾਂ ਵਿੱਚ ਕਰੇਗੀ ਕਟੌਤੀ

ਓਨਟਾਰੀਓ, 27 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀਰਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਆਪਣੇ 2022 ਦੇ ਬਜਟ ਵਿੱਚ ਸਾਲ ਵਿੱਚ 50,000 ਡਾਲਰ ਤੋਂ ਘੱਟ ਕਮਾਉਣ ਵਾਲੇ ਓਨਟਾਰੀਓ ਵਾਸੀਆਂ ਲਈ ਇਨਕਮ ਟੈਕਸ ਵਿੱਚ ਕਟੌਤੀ ਦਾ ਐਲਾਨ ਕਰਨਗੇ। ਇਹ ਜਾਣਕਾਰੀ ਸੂਤਰਾਂ ਨੇ ਦਿੱਤੀ।

ਘੱਟ ਆਮਦਨ ਵਾਲੇ ਵਿਅਕਤੀਆਂ ਤੇ ਪਰਿਵਾਰਾਂ (ਲਿਫਟ) ਲਈ ਫੋਰਡ ਸਰਕਾਰ ਵੱਲੋਂ ਟੈਕਸ ਕ੍ਰੈਡਿਟ ਵਧਾ ਕੇ 38000 ਤੋਂ 50,000 ਡਾਲਰ ਕੀਤਾ ਜਾ ਰਿਹਾ ਹੈ। ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਤਬਦੀਲੀ ਨਾਲ 2022 ਵਿੱਚ 1.1 ਮਿਲੀਅਨ ਲੋਕਾਂ ਨੂੰ 300 ਡਾਲਰ ਤੋਂ ਵੱਧ ਟੈਕਸ ਰਾਹਤ ਮਿਲੇਗੀ। ਲਿਫਟ ਨੂੰ ਪਹਿਲੀ ਵਾਰੀ



ਫੋਰਡ ਸਰਕਾਰ ਬਣਨ ਉੱਤੇ 2018 ਵਿੱਚ ਪੇਸ਼ ਕੀਤਾ ਗਿਆ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਸੱਤਾ ਸਾਂਭਣ ਤੋਂ ਬਾਅਦ ਫੋਰਡ ਸਰਕਾਰ ਨੇ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਰੱਦ ਕਰਨ ਦੇ ਫੈਸਲੇ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਇਸ ਨੂੰ ਪੇਸ਼ ਕੀਤਾ ਸੀ।

ਉਸ ਸਮੇਂ ਸਰਕਾਰ ਨੇ ਆਖਿਆ ਸੀ ਕਿ ਲਿਫਟ ਰਾਹੀਂ ਘੱਟ ਆਮਦਨ ਵਾਲੇ ਤੇ ਘੱਟ ਉਜਰਤਾਂ ਹਾਸਲ ਕਰਨ ਵਾਲੇ ਕਰਮਚਾਰੀਆਂ ਨੂੰ ਸਾਲ ਵਿੱਚ 850 ਡਾਲਰ ਦੀ ਟੈਕਸ ਰਾਹਤ ਹਾਸਲ ਹੋ ਸਕੇਗੀ। ਇਹ ਯੋਗਤਾ ਫੋਰਡ ਸਰਕਾਰ ਦੇ 2022 ਦੇ ਬਜਟ ਦੇ ਥੀਮ-ਕਿਫਾਇਤੀਪਨ ਨਾਲ ਵੀ ਮੇਲ ਖਾਂਦੀ ਹੈ। ਇਸ ਨੂੰ ਪੀਸੀ ਪਾਰਟੀ ਦੇ ਪਲੇਟਫਾਰਮ ਵਜੋਂ ਵੀ ਵਰਤੇ ਜਾਣ ਦੀ ਸੰਭਾਵਨਾ ਹੈ। ਇਸ ਤਹਿਤ ਵਾਅਦਿਆਂ ਦੀ ਝੜੀ ਲਾਈ ਜਾਵੇਗੀ ਜਿਵੇਂ ਕਿ ਔਸਤ ਵੋਟਰਾਂ ਨੂੰ ਲਾਇਸੰਸ ਪਲੇਟ ਨੂੰ ਮੁੜ ਨੰਵਿਆਉਣ ਲਈ ਦਿੱਤੀ ਜਾਣ ਵਾਲੀ ਫੀਸ ਦਾ ਰਿਫੰਡ ਦਿੱਤਾ ਜਾਵੇਗਾ ਤੇ ਛੇ ਮਹੀਨੇ ਗੈਸ ਪੰਪਸ ਉੱਤੇ ਵੀ ਰਾਹਤ ਮਿਲੇਗੀ। ਘੱਟ ਤੋਂ ਘੱਟ ਉਜਰਤਾਂ ਵਿੱਚ 50 ਸੈਂਟ ਦੇ ਵਾਧੇ ਦੀ ਗੱਲ ਵੀ ਆਖੀ ਜਾਵੇਗੀ। ਵਿੱਤ ਮੰਤਰੀ ਪੀਟਰ ਬੈਥਲੇਨਫਾਲਵੀ ਵੀਰਵਾਰ ਦੁਪਹਿਰ ਨੂੰ ਬਜਟ ਪੇਸ਼ ਕਰਨਗੇ।

## ਬਿਨਾਂ ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਲਈ ਲਿਬਰਲਾਂ ਵਲੋਂ ਮਤਾ ਪੇਸ਼

ਓਟਵਾ, 27 ਅਪਰੈਲ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਦੇਰ ਰਾਤ ਤੱਕ ਚੱਲਣ ਵਾਲੀਆਂ ਹਾਊਸ ਸਿਟਿੰਗਜ਼ ਦੇ ਨਾਲ ਨਾਲ ਹਾਊਸ ਆਫ ਕਾਮਨਜ਼ ਦੀ ਕਾਰਵਾਈ ਨੂੰ ਬਿਨਾਂ ਨੋਟਿਸ ਸਾਲ ਦੇ ਅੰਤ ਤੱਕ ਮੁਲਤਵੀ ਕਰਨ ਲਈ ਮੰਤਰੀਆਂ ਨੂੰ ਸ਼ਕਤੀ ਦੇਣ ਸਬੰਧੀ ਮਤਾ ਪੇਸ਼ ਕੀਤਾ ਗਿਆ ਹੈ।

ਇਸ ਤਰ੍ਹਾਂ ਦੀਆਂ ਤਬਦੀਲੀਆਂ ਸਬੰਧੀ ਮਤਾ ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਵੱਲੋਂ ਪੇਸ਼ ਕੀਤਾ ਗਿਆ। ਸ਼ਡਿਊਲ ਮੁਤਾਬਕ ਮਈ ਦੇ ਅੰਤ ਵਿੱਚ ਇੱਕ ਹਫਤੇ ਦੀ ਛੁੱਟੀ ਤੋਂ ਇਲਾਵਾ ਹਾਊਸ ਨੂੰ ਜੂਨ 2023 ਤੱਕ ਸ਼ਡਿਊਲ ਕੀਤਾ ਜਾ ਸਕਦਾ ਹੈ। ਪਰ ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਲਿਬਰਲ ਬਿਨਾਂ



ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਦਾ ਮਤਾ ਲਿਆ ਕੇ 19 ਸਤੰਬਰ, 2022 ਤੱਕ ਹਾਊਸ ਦੀ ਕਾਰਵਾਈ ਮੁਲਤਵੀ ਕਰ ਸਕਦੇ ਹਨ।

ਇਸ ਮਤੇ ਉੱਤੇ ਬਹਿਸ ਕਰਵਾਉਣ ਲਈ ਵੀ ਕੋਈ ਸਮਾਂ ਨਹੀਂ ਦਿੱਤਾ ਜਾਵੇਗਾ ਤੇ ਇਸ ਉੱਤੇ ਤੁਰੰਤ ਵੋਟ ਕਰਵਾਈ ਜਾਵੇਗੀ। ਹਾਲਾਂਕਿ ਇਸ ਮਤੇ ਨੂੰ ਪਾਸ ਕਰਵਾਉਣ ਲਈ ਬਹੁਤੇ ਐਮਪੀਜ਼ ਵੱਲੋਂ ਇਸ ਦਾ ਸਮਰਥਨ ਕਰਨ ਦੀ ਹੀ ਉਮੀਦ ਹੈ।

## ਬੱਚਿਆਂ ਵਿੱਚ ਫੈਲ ਰਹੀ ਲਿਵਰ ਦੀ ਬਿਮਾਰੀ ਦੀ ਜਾਂਚ ਕਰ ਰਹੇ ਹਨ ਅਧਿਕਾਰੀ

ਓਟਵਾ, 27 ਅਪਰੈਲ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੈਨੇਡਾ ਦੇ ਨਿੱਕੇ ਬੱਚਿਆਂ ਵਿੱਚ ਹੈਪੇਟਾਈਟਸ ਜਾਂ ਲਿਵਰ ਦੀ ਜਲਨ ਸਬੰਧੀ ਮਾਮਲੇ ਵੇਖਣ ਨੂੰ ਮਿਲ ਰਹੇ ਹਨ।

ਫੈਡਰਲ ਏਜੰਸੀ ਨੇ ਆਖਿਆ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕੀ ਇਹ ਯੂਨਾਈਟਿਡ ਕਿੰਗਡਮ ਤੇ ਅਮਰੀਕਾ ਵਿੱਚ ਪਾਏ ਗਏ ਮਾਮਲਿਆਂ ਨਾਲ ਮੇਲ ਖਾਂਦੇ ਹਨ। ਬ੍ਰਿਟਿਸ਼ ਸਿਹਤ ਅਧਿਕਾਰੀਆਂ ਨੇ ਆਖਿਆ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਕਿਉਂ ਹੋ ਰਿਹਾ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਹ ਕੇਸ ਕਿਸੇ ਕਾਮਨ ਵਾਇਰਸ ਨਾਲ ਜੁੜ ਹੋਏ ਵੀ ਹੋ ਸਕਦੇ ਹਨ।

ਇਸ ਤੋਂ ਪਹਿਲਾਂ ਯੂਕੇ ਦੀ ਹੈਲਥ ਸਕਿਊਰਿਟੀ ਏਜੰਸੀ ਨੇ ਆਖਿਆ ਕਿ ਜਨਵਰੀ ਤੋਂ ਹੀ 10 ਸਾਲ ਤੋਂ ਨਿੱਕੀ ਉਮਰ ਦੇ ਬੱਚਿਆਂ ਵਿੱਚ ਅਣਕਿਆਸੇ ਹੈਪੇਟਾਈਟਸ ਦੇ 111 ਕੇਸ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਵਿੱਚੋਂ 10 ਬੱਚਿਆਂ ਨੂੰ ਤਾਂ ਲਿਵਰ ਟਰਾਂਸਪਲਾਂਟ ਦੀ ਲੋੜ ਹੈ। ਯੂਐਨ ਹੈਲਥ ਏਜੰਸੀ ਦਾ ਕਹਿਣਾ ਹੈ ਕਿ ਹੁਣ ਤੱਕ ਅਣਪਛਾਤੇ ਮੂਲ ਦੇ ਹੈਪੇਟਾਈਟਸ ਦੇ 169 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਹਾਲਾਂਕਿ ਇਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਇਨ੍ਹਾਂ ਲਈ ਐਡੀਨੋਵਾਇਰਸ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA Broker of Record
DIR: 647-546-5228
OFF: 905-457-4588
Save Max Global Realty
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5N 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
10% additional discount on gold and upto 50% on diamond.
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
www.ufsinsurance.com
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




Now Hiring

LIGHT SPEED Logistics Inc.

**Owner Operators**

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

**Company Drivers**

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

EXCLUSIVE OFFER!

GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਪ੍ਰਧਾਨ ਮੰਤਰੀ ਮੋਦੀ ਵੱਲੋਂ ਮੁੱਖ ਮੰਤਰੀਆਂ ਨੂੰ ਚੇਤਾਵਨੀ : ਕੋਰੋਨਾ ਬਾਰੇ ਖ਼ਤਰਾ ਹਾਲੇ ਟਲਿਆ ਨਹੀਂ

* ਕੋਰੋਨਾ ਦੀ ਨਵੀਂ ਲਹਿਰ ਨਾਲ ਨਜਿੱਠਣ ਨੂੰ ਪੰਜਾਬ ਤਿਆਰ : ਮਾਨ



ਨਵੀਂ ਦਿੱਲੀ, 27 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਦੇ ਵਧਦੇ ਕੇਸਾਂਬਾਰੇ ਚਿੰਤਾ ਬਾਰੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਕੀਤੀ ਬੈਠਕ ਦੌਰਾਨ ਕਿਹਾ ਕਿ ਏਥੇ ਕੋਰੋਨਾਦੀ ਸਥਿਤੀ ਦੂਸਰੇ ਦੇਸ਼ਾਂ ਤੋਂ ਚੰਗੇ ਕੰਟਰੋਲ ਵਿੱਚ ਹੈ, ਪਰ ਚੁਣੌਤੀ ਅਜੇ ਪੂਰੀ ਖਤਮ ਨਹੀਂ ਹੋਈ। ਜਿਸ ਤਰ੍ਹਾਂ ਗੰਭੀਰ ਸਥਿਤੀ ਓਮਿਕਰੋਨ ਤੇ ਇਸਦੇ ਸਾਰੇ ਵੈਰੀਐਂਟਸ ਪੈਦਾ ਕਰ ਸਕਦੇ ਹਨ, ਇਹ ਅਸੀਂ ਯੂਰਪੀ ਦੇਸ਼ਾਂ ਵਿੱਚ ਦੇਖ ਲਿਆ ਹੈ।ਬੀਤੇ ਕੁਝ ਮਹੀਨਿਆਂ ਵਿੱਚ ਇਨ੍ਹਾਂ ਵੈਰੀਐਂਟਸ ਦੇ ਕੇਸਾਂ ਵਿੱਚ ਵਾਧਾ ਹੋਇਆ ਹੈ, ਇਸ ਲਈ ਸੁਚੇਤ ਰਹਿਣਾ ਪਵੇਗਾ।

ਪ੍ਰਧਾਨ ਮੰਤਰੀਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗਵਿੱਚ ਕਿਹਾ ਕਿ ਬੀਤੇ 2 ਹਫ਼ਤਿਆਂ ਤੋਂ ਵਧੇ ਕੇਸਾਂਬਾਰੇ ਸਾਨੂੰ ਚੌਕਸ ਰਹਿਣਾ ਹੋਵੇਗਾ।ਬੀਤੇ ਦੋ ਸਾਲਾਂ ਵਿੱਚ ਦੇਸ਼ ਨੇ ਸਿਹਤ ਬੁਨਿਆਦੀ ਢਾਂਚੇ ਬਾਰੇ ਆਕਸੀਜਨ ਸਪਲਾਈ ਤੱਕ ਕੋਰੋਨਾ ਬਾਰੇ ਹਰ ਮੋਰਚੇ ਉੱਤੇ ਉਹ ਕੀਤਾ ਹੈ, ਜੋ ਜ਼ਰੂਰੀ ਸੀ।ਏਸੇ ਲਈ ਤੀਸਰੀ ਲਹਿਰ ਵਿੱਚ ਬੇਕਾਬੂ ਸਥਿਤੀਆਂ ਦੀ ਕੋਈ ਖ਼ਬਰ ਨਹੀਂ ਹੈ। ਉਨ੍ਹਾਂ ਕਿਹਾ ਕਿ ਤੀਜੀ ਲਹਿਰ ਦੌਰਾਨ ਅਸੀਂ ਰੋਜ਼ 3 ਲੱਖ ਤੋਂ ਵੱਧ ਕੇਸ ਦੇਖੇ ਸਨ, ਸਾਡੇ ਸਾਰੇ ਰਾਜਾਂ ਨੇ ਉਨ੍ਹਾਂ ਨੂੰ ਸੰਭਾਲਿਆ। ਹੋਰ ਸਾਰੀਆਂ ਸਮਾਜਿਕ ਤੇ ਆਰਥਿਕ ਸਰਗਰਮੀ ਨੂੰ ਹੁਲਾਰਾ ਦਿੱਤਾ। ਜਿਸ ਤਰ੍ਹਾਂ ਕੇਂਦਰ ਅਤੇ ਰਾਜਾਂ ਨੇ ਕੋਰੋਨਾ ਦੇ ਸਮੇਂ ਮਿਲ ਕੇ ਕੰਮ ਕੀਤਾਅਤੇ ਦੇਸ਼ ਦੀ ਕੋਰੋਨਾ ਵਿਰੁੱਧ ਲੜਾਈ ਵਿੱਚਵੱਡੀ ਭੂਮਿਕਾ ਨਿਭਾਈ ਸੀ, ਮੈਂ ਸਭ ਦੀ ਪ੍ਰਸ਼ੰਸਾ ਕਰਦਾ ਹਾਂ।ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ੁਰੂ ਵਿੱਚ ਇਨਫੈਕਸ਼ਨ ਰੋਕਣਾ ਹੀ ਸਾਡੀ ਪਹਿਲ ਸੀ, ਅੱਜ ਵੀ ਏਹੋ ਚਾਹੀਦਾ ਹੈ, ਟੈਸਟਿੰਗ, ਟ੍ਰੈਕਿੰਗ, ਇਲਾਜ ਦੀ ਰਣਨੀਤੀ ਨੂੰ ਬਰਾਬਰ ਪ੍ਰਭਾਵੀ ਢੰਗ ਨਾਲ ਲਾਗੂ ਕਰਨਾ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੁਨਿਆਦੀ ਢਾਂਚਾ ਅਪਗ੍ਰੇਡ ਕਰਨ ਦਾ ਕੰਮ ਜਾਰੀ ਰਹੇ।

ਕੋਵਿਡ-19 ਦੀ ਨਵੀਂ ਲਹਿਰ ਦੇ ਖ਼ਤਰੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਹੈ ਕਿਰਾਜ ਸਰਕਾਰ ਇਸ ਦੇ ਮੁਕਾਬਲੇ ਲਈ ਪੂਰੀ ਤਿਆਰ ਹੈ। ਕੋਵਿਡ-19 ਦੇ ਕੇਸਾਂ ਦੇ ਵਾਧੇ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂਸੱਦੀਮੁੱਖ ਮੰਤਰੀਆਂ ਦੀ ਵਰਚੁਅਲ ਮੀਟਿੰਗ ਵਿੱਚ ਭਗਵੰਤ ਮਾਨ ਨੇ ਸਾਫ ਕਿਹਾ ਕਿ ਪੰਜਾਬ ਨੇ ਕੋਵਿਡ ਦੀ ਨਵੀਂ ਲਹਿਰ ਨਾਲ ਨਜਿੱਠਣ ਲਈ ਪ੍ਰਭਾਵੀ ਪ੍ਰਣਾਲੀ ਬਣਾ ਰੱਖੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ਼, ਜੋ ਸੱਚੇ ਕੋਰੋਨਾ ਯੋਧੇ ਹਨ, ਮਹਾਂਮਾਰੀ ਦੇ ਕਿਸੇ ਵੀ ਹੱਲੇ ਦਾ ਸਾਹਮਣਾ ਕਰਨ ਲਈ ਤਿਆਰ ਹਨ।

# ਭ੍ਰਿਸ਼ਟਾਚਾਰ ਕੇਸ ਵਿੱਚ ਮਿਆਂਮਾਰ ਦੀ ਅਦਾਲਤ ਤੋਂ ਆਂਗ ਸਾਨ ਸੂ ਕੀ ਨੂੰ ਪੰਜ ਸਾਲ ਦੀ ਸਜ਼ਾ



ਬਰਮਾ, 27 ਅਪਰੈਲ, (ਪੋਸਟ ਬਿਊਰੋ)- ਮਿਆਂਮਾਰ ਦੀ ਇੱਕ ਅਦਾਲਤ ਨੇ ਆਂਗ ਸਾਨ ਸੂ ਕੀ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਉਸ ਦੇ ਕੇਸ ਦੀ ਜਾਣਕਾਰੀ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਆਂਗ ਸਾਨ ਸੂ ਕੀ ਨੂੰ ਫਰਵਰੀ 2021 ਵਿੱਚ ਫੌਜ ਨੇ ਗ੍ਰਿਫਤਾਰ ਕੀਤਾ ਸੀ। ਉਸ ਉੱਤੇ ਦੋਸ਼ ਸਨ ਕਿ ਉਸ ਨੇ ਦੇਸ਼ ਵਿੱਚ ਹੋਈਆਂ ਚੋਣਾਂ ਵਿੱਚ ਭਾਰੀ ਗੜਬੜ ਕਰ ਕੇ ਨਾਜਾਇਜ਼ ਢੰਗ ਨਾਲ ਜਿੱਤ ਹਾਸਲ ਕੀਤੀ ਸੀ।

76 ਸਾਲਾ ਆਂਗ ਸਾਨ ਸੂ ਕੀ ਉੱਤੇ ਕਈ ਕੇਸ ਹਨ। ਨਜ਼ਰਬੰਦੀ ਮੌਕੇ ਆਂਗ ਸਾਨ ਸੂ ਕੀ ਉੱਤੇ ਕਈ ਦੋਸ਼ ਲਾਏ ਗਏ, ਜਿਨ੍ਹਾਂ ਵਿੱਚ ਉਸ ਦੀ ਪਾਰਟੀ ਵੱਲੋਂਵਿਸ਼ਵ ਸੰਸਥਾਵਾਂ ਨੂੰ ਭੇਜੇ ਪੱਤਰ ਵਿੱਚ ਫੌਜੀ ਸਰਕਾਰ ਨੂੰ ਮਾਨਤਾ ਨਾ ਦੇਣ ਦਾ ਦਬਾਅ ਬਣਾਉਣ ਦਾ ਦੋਸ਼ ਵੀ ਲਾਇਆ ਗਿਆ।ਆਂਗ ਸਾਨ ਸੂ ਕੀ ਨੂੰ ਜਨਵਰੀ 2022 ਵਿੱਚ ਵਾਕੀ-ਟਾਕੀਜ਼ ਨੂੰ ਗੈਰ-ਕਾਨੂੰਨੀ ਤੌਰ ਉੱਤੇਇੰਪੋਰਟ ਕਰਨ ਅਤੇ ਰੱਖਣ ਤੇ ਕੋਰੋਨਾ ਪਾਬੰਦੀਆਂ ਦੀ ਉਲੰਘਣਾ ਲਈ ਚਾਰ ਸਾਲ ਦੀ ਸਜ਼ਾ ਕੀਤੀ ਗਈ ਸੀ। ਇਸ ਤੋਂ ਬਿਨਾ ਉਸ ਉੱਤੇ ਯੰਗੂਨ ਦੇ ਸਾਬਕਾ ਮੁੱਖ ਮੰਤਰੀ ਫਿਓ ਮਿਨ ਥੀਨ ਤੋਂ 11.4 ਕਿਲੋ ਸੋਨਾ ਅਤੇ ਛੇ ਲੱਖ ਡਾਲਰ ਦੀ ਨਕਦੀ ਲੈਣ ਦਾ ਦੋਸ਼ ਹੈ, ਜਿਸ ਵਿੱਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। ਆਂਗ ਸਾਨ ਸੂ ਕੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ 10 ਕੇਸ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਵੱਧ ਤੋਂ ਵੱਧ 15 ਸਾਲ ਦੀ ਸਜ਼ਾ ਹੋ ਸਕਦੀ ਹੈ।

## ਹਾਦਸੇ ’ਚ ਭੈਣ-ਭਰਾ ਸਮੇਤ ਤਿੰਨਾਂ ਦੀ ਮੌਤ

ਅਬੋਹਰ, 27 ਅਪ੍ਰੈਲ (ਪੋਸਟ ਬਿਊਰੋ)- ਅਬੋਹਰ-ਮਲੋਟ ਨੈਸ਼ਨਲ ਹਾਈਵੇ ਉੱਤੇ ਨਾਗਪਾਲ ਪੈਟਰੋਲ ਪੰਪ ਨੇੜੇ ਕੱਲ੍ਹ ਸਵੇਰੇ ਪੈਟਰੋਲ ਨਾਲ ਭਰੇ ਟੈਂਕਰ ਚਾਲਕ ਨੇ ਮੋਟਰਸਾਈਕਲ ਸਵਾਰ ਭੈਣ-ਭਰਾ ਸਮੇਤ ਤਿੰਨ ਜਣਿਆਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਅਬੋਹਰ ਦਾ ਰਾਮ ਪ੍ਰਕਾਸ਼ ਬੇਟੇ ਨਵੀਨ (16) ਅਤੇ ਧੀ ਪੂਜਾ ਰਾਣੀ (26) ਨੂੰ ਮੋਟਰਸਾਈਕਲ ਉੱਤੇ ਘਰ ਲੈ ਕੇ ਜਾ ਰਿਹਾ ਸੀ। ਜਦੋਂ ਉਹ ਮਲੋਟ ਰੋਡ ਉੱਤੇ ਪਹੁੰਚੇ ਤਾਂ ਇਸ ਮੌਕੇ ਇੱਕ ਤੇਲ ਟੈਂਕਰ ਨੇ ਉਨ੍ਹਾਂ ਨੂੰ ਓਵਰਟੇਕ ਕਰਦੇ ਹੋਏ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਵਾਇਆ ਗਿਆ। ਘਟਨਾ ਤੋਂ ਬਾਅਦ ਟੈਂਕਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

# ਯੂ ਐੱਨ ਓ ਦੇ ਮੁਖੀ ਗੁਤਾਰੇਸ ਵੱਲੋਂ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ

* ਯੂਕਰੇਨੀ ਲੋਕਾਂ ਦੀ ਨਿਕਾਸੀ ਬਾਰੇ ਸਹਿਮਤੀ ਬਣੀ



ਯੂ ਐੱਨ ਓ, 27 ਅਪਰੈਲ, (ਪੋਸਟ ਬਿਊਰੋ)- ਯੂਕਰੇਨ ਉੱਤੇਰੂਸ ਦੇ ਹਮਲੇ ਤੋਂ ਬਾਅਦਯੂ ਐੱਨ ਸੈਕਟਰੀ ਜਨਰਲ ਐਂਟੋਨੀਓ ਗੁਤਾਰੇਸ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਪਹਿਲੀ ਵਾਰ ਮਿਲੇ ਤਾਂਯੂ ਐੱਨ ਨੇ ਕਿਹਾ ਕਿ ਪੁਤਿਨ ਮਾਰੀਉਪੋਲ ਸ਼ਹਿਰ ਦੇ ਇੱਕ ਸਟੀਲ ਪਲਾਂਟ ਤੋਂ ਲੋਕਾਂ ਨੂੰ ਕੱਢਣ ਦਾ ਪ੍ਰਬੰਧ ਕਰਨਾਮੰਨ ਗਏ ਹਨ। ਯੂ ਐੱਨ ਓਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਰੂਸੀ ਨੇਤਾ ਅਤੇ ਯੂ ਐੱਨ ਮੁਖੀ ਨੇ ਪਿਛਲੇ ਮੰਗਲਵਾਰ ਮਨੁੱਖੀ ਸਹਾਇਤਾ ਅਤੇ ਜੰਗ ਦੇ ਖੇਤਰ ਮਾਰੀਉਪੋਲ ਤੋਂ ਲੋਕਾਂ ਨੂੰ ਕੱਢਣ ਦੀ ਚਰਚਾ ਕੀਤੀ ਤਾਂ ਉਹ ਸਿਧਾਂਤਕ ਤੌਰ ਉੱਤੇ ਸਹਿਮਤ ਹੋਏ ਹਨ ਅਤੇ ਯੂ ਐੱਨਅਤੇ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੂੰ ਅਜ਼ੋਵਸਟਲ ਸਟੀਲ ਕੰਪਲੈਕਸ ਤੋਂ ਨਿਕਾਸੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।ਯੂਕਰੇਨਫੌਜੀਆਂ ਨੇ ਇਸ ਸਟੀਲ ਪਲਾਂਟ ਉੱਤੇ ਸਖ਼ਤ ਰੁਖ਼ ਅਪਣਾ ਰੱਖਿਆ ਹੈ। ਦੁਜਾਰਿਕ ਨੇ ਕਿਹਾ ਕਿ ਨਿਕਾਸੀ ਬਾਰੇ ਯੂ ਐੱਨ ਦੇ ਮਾਨਵਤਾਵਾਦੀ ਦਫਤਰ ਅਤੇ ਰੂਸ ਦੇ ਰੱਖਿਆ ਮੰਤਰਾਲੇ ਨਾਲ ਵਿਚਾਰਹੋਵੇਗੀ।ਯੂ ਐੱਨ ਦੇ ਮੁਤਾਬਕ ਪੁਤਿਨ ਤੇ ਗੁਤਾਰੇਸ ਦੀ ਮੀਟਿੰਗ ਕਰੀਬ ਦੋ ਘੰਟੇ ਚੱਲੀ। ਉਹ ਲੰਬੇ ਚਿੱਟੇ ਮੇਜ਼ ਉੱਤੇ ਆਹਮੋ-ਸਾਹਮਣੇ ਬੈਠੇ ਸਨ, ਜਿੱਥੇ ਉਨ੍ਹਾਂ ਤੋਂ ਇਲਾਵਾ ਕੋਈ ਨਹੀਂ ਸੀ। ਗੁਤਾਰੇਸ ਨੇ ਯੂਕਰੇਨਵਿੱਚਰੂਸੀ ਫ਼ੌਜ ਦੀ ਕਾਰਵਾਈ ਦੀ ਗੁਆਂਢੀ ਦੀ ਖੇਤਰੀ ਅਖੰਡਤਾ ਦੀ ਉਲੰਘਣਾ ਵਜੋਂ ਆਲੋਚਨਾ ਕੀਤੀ ਅਤੇ ਰੂਸ ਨੂੰ ਅਪੀਲ ਕੀਤੀ ਕਿ ਉਹ ਸਟੀਲ ਪਲਾਂਟ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਣ ਦੀ ਆਗਿਆ ਦੇਵੇ।

ਜਵਾਬ ਵਿੱਚ ਪੁਤਿਨ ਨੇ ਦਾਅਵਾ ਕੀਤਾ ਕਿ ਰੂਸੀ ਫੋਰਸਾਂ ਨੇ ਪਲਾਂਟ ਵਿੱਚ ਫਸੇ ਨਾਗਰਿਕਾਂ ਨੂੰ ਕੱਢਣ ਲਈ ਇੱਕ ਮਾਨਵਤਾਵਾਦੀ ਗਲਿਆਰੇ ਦੀ ਪੇਸ਼ਕਸ਼ ਕੀਤੀ ਸੀ, ਪਰ ਯੂਕਰੇਨੀ ਫੌਜ ਨੇ ਪਲਾਂਟਦੇ ਆਮ ਲੋਕਾਂ ਨੂੰ ਢਾਲ ਬਣਾ ਰੱਖਿਆ ਹੈ ਤੇ ਉਹ ਉਨ੍ਹਾਂ ਨੂੰ ਜਾਣ ਨਹੀਂ ਦੇਂਦੇ।ਰੂਸੀ ਹਮਲੇ ਨਾਲ ਅਜ਼ੋਵਟਲ ਪੂਰਾ ਤਬਾਹ ਹੋ ਗਿਆ ਹੈ, ਇਹ ਮਾਰੀਉਪੋਲ ਵਿੱਚਯੂਕਰੇਨ ਦੇ ਵਿਰੋਧ ਦਾ ਆਖਰੀ ਖੇਤਰ ਹੈ। ਲਗਭਗ ਦੋ ਹਜ਼ਾਰ ਫੌਜੀ ਤੇ ਇੱਕ ਹਜ਼ਾਰ ਲੋਕ ਇਸ ਦੇ ਢਹਿ-ਢੇਰੀ ਢਾਂਚੇ ਹੇਠਾਂ ਲੁਕੇ ਹੋਏ ਹਨ। ਗੁਤਾਰੇਸ ਨੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਪ੍ਰੈਸ ਬ੍ਰੀਫਿੰਗ ਮੌਕੇ ਕਿਹਾ ਕਿ ਲੋਕਾਂ ਨੂੰ ਕੱਢਣ ਤੇ ਮਦਦਦੇਣ ਲਈ ਸੁਰੱਖਿਅਤ ਮਾਨਵਤਾਵਾਦੀ ਗਲਿਆਰੇ ਦੀ ਫੌਰੀ ਲੋੜ ਹੈ।

# ਪੰਜਾਬ ਦੇ ਐਂਟਰੀ ਗੇਟ ਤੋਂ ਹੀ ਪਤਾ ਲੱਗ ਜਾਵੇਗਾ ਕਿ ਰੋਡ ਉਤੇ ਜਾਮ ਹੈ ਜਾਂ ਨਹੀਂ




ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਆਉਣ ਵਾਲੇ ਯਾਤਰੀਆਂ ਨੂੰ ਅੱਗੇ ਤੋਂ ਇਸ ਰਾਜ ਵਿੱਚ ਐਂਟਰੀ ਕਰਨ ਤੋਂ ਪਹਿਲਾਂ ਬਾਰਡਰ ਉੱਤੇ ਪਤਾ ਲੱਗ ਜਾਏਗਾ ਕਿ ਉਸ ਰੂਟ ਉੱਤੇ ਜਾਮ ਹੈ ਜਾਂ ਨਹੀਂ। ਉਥੋਂ ਦਾ ਮੌਸਮ ਕਿਵੇਂ ਦਾ ਹੈ। ਇਸ ਦੇ ਲਈ ਪੰਜ ਵੈਰੀਏਟਲ ਮੈਸੇਜ ਸਾਈਨ ਬੋਰਡ (ਵੀ ਐਮ ਐਸ) ਲਾਏ ਜਾਣਗੇ। ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ), ਵੀ ਕੇ ਭਾਵਰਾ ਨੇ ਮੋਹਾਲੀ ਵਿੱਚ ਸੜਕ ਸੁਰੱਖਿਆ ਅਤੇ ਟਰੈਫਿਕ ਖੋਜ ਕੇਂਦਰ ਦਾ ਆਰੰਭ ਕਰਨ ਦੌਰਾਨ ਇਹ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਵੀ ਐਮ ਐਸ ਲਾਉਣਾ ਸ਼ੁਰੂ ਕਰ ਦਿੱਤਾ ਹੈ। ਡਿਜੀਟਲ ਸਾਈਨ ਬੋਰਡ ਤੋਂ ਪੰਜਾਬ ਆਏ ਸਾਰੇ ਯਾਤਰੀਆਂ ਨੂੰ ਇਹ ਜਾਣਕਾਰੀ ਮਿਲ ਜਾਏਗੀ। ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਰਾਜਸਥਾਨ ਸਮੇਤ ਸਟੇਟ ਬਾਰਡਰ ਐਂਟਰੀ ਪੁਆਇੰਟ ਉੱਤੇ ਵੀ ਐਮ ਐਸ ਲਾਏ ਜਾਣਗੇ, ਤਾਂ ਕਿ ਲੋਕਾਂ ਨੂੰ ਸਹੂਲਤ ਹੋ ਸਕੇ। ਜੇ ਕੋਈ ਜੰਮੂ-ਕਸ਼ਮੀਰ ਵੱਲੋਂ ਪਠਾਨਕੋਟ ਜ਼ਿਲ੍ਹੇ ਵਿੱਚ ਦਾਖਲ ਹੁੰਦਾ ਹੈ ਤਾਂ ਉਸ ਨੂੰ ਪਤਾ ਲੱਗ ਜਾਏਗਾ ਕਿ ਪਠਾਨਕੋਟ ਵਿੱਚ ਸੜਕ ਉੱਤੇ ਜਾਮ ਹੈ ਕਿ ਨਹੀਂ ਅਤੇ ਉਥੇ ਮੌਸਮ ਕਿੱਦਾਂ ਦਾ ਹੈ। ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਘੱਟ ਕਰਨ ਲਈ ਸੜਕ ਸੁਰੱਖਿਆ ਤੇ ਟਰੈਫਿਕ ਖੋਜ ਕੇਂਦਰ ਕਾਰਗਰ ਸਾਬਤ ਹੋਵੇਗਾ।ਉਨ੍ਹਾਂ ਨੇ ਸਾਲਾਨਾ ਸੜਕੀ ਆਵਾਜਾਈ ਤੇ ਦੁਰਘਟਨਾ ਰਿਪੋਰਟ 2020 ਵੀ ਜਾਰੀ ਕੀਤੀ। ਦੋ ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਇਸ ਆਧੁਨਿਕ ਕੇਂਦਰ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ, ਜਿਓ ਇੰਫੋਮੈਟ੍ਰਿਕਸ, ਥ੍ਰੀ ਡੀ ਮੈਪਿੰਗ, ਡਰੋਨ ਸਰਵੇਖਣ, ਦੁਰਘਟਨਾ ਦੀ ਜਾਂਚ, ਸੜਕ ਇੰਜੀਨੀਅਰਿੰਗ ਤੇ ਆਟੋਮੋਟਿਵ ਸੁਰੱਖਿਆ ਸਮੇਤ ਕਈ ਸਹੂਲਤਾਂ ਉਪਲਬਧ ਹਨ। ਕੇਂਦਰ ਵਿੱਚ ਇਨਕਿਊਬੇਸ਼ਨ ਹਬ, ਕਾਨਫਰੰਸ, ਹਾਲ ਤੇ ਲਾਇਬਰੇਰੀ ਵੀ ਬਣਾਈ ਗਈ ਹੈ। ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 2019 ਦੇ ਮੁਕਾਬਲੇ 15 ਫੀਸਦੀ ਦੀ ਕਮੀ ਆਈ ਹੈ।

# ਭਾਰਤ ਫ਼ੌਜੀ ਖਰਚਿਆਂ ਵਿੱਚ ਦੁਨੀਆਂ ਦਾ ਤੀਜਾ ਵੱਡਾ ਦੇਸ਼ ਬਣਿਆ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਨੇ ਦੁਨੀਆ ਦੀਆਂ ਪ੍ਰਮੁੱਖ ਫ਼ੌਜਾਂ ਦੇ ਸਾਲਾਨਾ ਖਰਚਿਆਂ ਉੱਤੇ ਰਿਪੋਰਟ ਜਾਰੀ ਕੀਤੀ ਹੈ। ਇਸ ਮੁਤਾਬਕ ਵਿਸ਼ਵ ਫ਼ੌਜੀ ਖਰਚਾ 2021 ਵਿੱਚ 2.1 ਟ੍ਰਿਲੀਅਨ ਅਮਰੀਕੀ ਡਾਲਰ ਦੇ ਨਾਲ ਅੱਜ ਤਕ ਦੇ ਸਭ ਤੋਂ ਉਚੇ ਪੱਧਰ ਉੱਤੇ ਪਹੁੰਚ ਗਿਆ। ਸਭ ਤੋਂ ਜ਼ਿਆਦਾ ਫ਼ੌਜੀ ਖਰਚੇ ਦੇ ਮਾਮਲੇ ਵਿੱਚ ਅਮਰੀਕਾ ਟਾਪ ਉੱਤੇ ਹੈ। ਇਸ ਤੋਂ ਬਾਅਦ ਚੀਨ ਅਤੇ ਫਿਰ ਤੀਸਰੇ ਨੰਬਰ ਉੱਤੇ ਭਾਰਤ ਹੈ।ਭਾਰਤ ਚਾਰ ਸਾਲ ਪਹਿਲਾਂ ਯਾਨੀ 2018 ਵਿੱਚ 5ਵੀਂ ਪੁਜ਼ੀਸ਼ਨ ਉੱਤੇ ਸੀ ਅਤੇ ਉਦੋਂ ਕੁੱਲ ਫ਼ੌਜੀ ਖਰਚਾ 66.5 ਬਿਲੀਅਨ ਡਾਲਰ ਸੀ। ਯਾਨੀ 2021 ਤਕ ਇਸ ਖਰਚੇ ਵਿੱਚ 10.1 ਬਿਲੀਅਨ ਡਾਲਰ (7.74 ਲੱਖ ਕਰੋੜ ਰੁਪਏ) ਦਾ ਵਾਧਾ ਹੋਇਆ ਹੈ। ਭਾਰਤ ਫ਼ੌਜੀ ਖਰਚਿਆਂ ਵਿੱਚ ਪਿਛਲੇ ਸਾਲ 76.6 ਬਿਲੀਅਨ ਅਮਰੀਕੀ ਡਾਲਰ ਦੇ ਨਾਲ ਤੀਸਰੇ ਸਥਾਨ ਉੱਤੇ ਰਿਹਾ। ਸਰਕਾਰ ਨੇ 2020 ਦੇ ਮੁਕਾਬਲੇ 0.9 ਫ਼ੀਸਦੀ ਦਾ ਵਾਧਾ ਕੀਤਾ। ਸਾਲ 2021 ਵਿੱਚ ਫ਼ੌਜ ਉੱਤੇ ਸਭ ਤੋਂ ਵੱਧ ਖਰਚ ਕਰਨ ਵਾਲੇ ਪੰਜ ਦੇਸ਼ਾਂ ਵਿੱਚ ਅਮਰੀਕਾ, ਚੀਨ, ਭਾਰਤ, ਯੂ ਕੇ (ਬ੍ਰਿਟੇਨ) ਅਤੇ ਰੂਸ ਸ਼ਾਮਲ ਸਨ। ਕੁੱਲ ਖਰਚੇ ਦਾ 62 ਫ਼ੀਸਦੀ ਹਿੱਸਾ ਇਕੱਲੇ ਇਨ੍ਹਾਂ ਪੰਜ ਦੇਸ਼ਾਂ ਨੇ ਖਰਚ ਕੀਤਾ। ਰਿਪੋਰਟ ਮੁਤਾਬਕ 2021 ਵਿੱਚ ਅਮਰੀਕੀ ਫ਼ੌਜੀ ਖਰਚ 801 ਬਿਲੀਅਨ ਅਮਰੀਕੀ ਡਾਲਰ ਤਕ ਪਹੁੰਚ ਗਿਆ, ਜੋ 2020 ਦੇ ਮੁਕਾਬਲੇ 1.4 ਫ਼ੀਸਦੀ ਘੱਟ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਕੀਤੀ ਮੋਦੀ ਨਰਿੰਦਰ ਜਦ ਅੱਜ ਮੀਟਿੰਗ,
ਚਰਚਾ ਫਿਰ ਤੋਂ ਕੋਰੋਨਾ ਦੀ ਕਰੀ ਬੇਲੀ।
ਚੌਥੀ ਲਹਿਰ ਦੇ ਆਉਣ ਦਾ ਡਰ ਲੱਗਦਾ,
ਦੁਨੀਆ ਪਹਿਲਾਂ ਦੀ ਪਈ ਹੈ ਡਰੀ ਬੇਲੀ।
ਜਿਹੜੀ ਮੋਦੀ ਸੀ ਅੱਜ ਹਦਾਇਤ ਕੀਤੀ,
ਹਾਮੀ ਰਾਜਾਂ ਵੀ ਉਹਦੀ ਆ ਭਰੀ ਬੇਲੀ।
ਸਭ ਨੂੰ ਫਿਕਰ ਹੈ ਲਹਿਰ ਜੇ ਫੇਰ ਉੱਠੀ,
ਮਾਰ ਮੁਸ਼ਕਲਉਹਜਾਊਗੀ ਜਰੀ ਬੇਲੀ।
ਜਨਤਾ ਆਮ ਫਿਰ ਫਿਕਰ ਨਾ ਕਰੇ ਕੋਈ,
ਨਜ਼ਰ ਚੌਕਸੀ, ਮਾਸਕ ਨਹੀਂ ਆਏ ਬੇਲੀ।
ਜ਼ਿੰਮੇਵਾਰੀ ਸਭ ਪਾਈ ਪਈ ਰੱਬ ਉੱਪਰ,
ਉਹ ਹੀ ਮਾਰਦਾ, ਉਹ ਹੀ ਬਚਾਏ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਦੀਆਂ ਸਰਕਾਰੀ ਬੱਸਾਂ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਤੱਕ ਜਲਦੀ ਜਾਣਗੀਆਂ : ਭੁੱਲਰ

ਚੰਡੀਗੜ੍ਹ, 27 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੀਆਂ ਸਰਕਾਰੀ ਬੱਸਾਂ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਉਤੇ ਛੇਤੀ ਹੀ ਜਾਣ ਲੱਗਣਗੀਆਂ। ਇਹ ਗੱਲਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਹੀ ਹੈ।





ਪਤਾ ਲੱਗਾ ਹੈ ਕਿ ਪੰਜਾਬ ਦੇ ਟਰਾਂਸਪੋਰਟ ਸੈਕਟਰੀ ਨੇ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਅਫਸਰਾਂ ਨਾਲ ਮੀਟਿੰਗ ਕੀਤੀ ਤੇ ਇਸ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਗੱਲ ਹੋਈ ਸੀ, ਜਿਸ ਪਿੱਛੋਂ ਅਫਸਰ ਪੱਧਰਦੀ ਮੀਟਿੰਗ ਮਗਰੋਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਬੱਸਾਂ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਉਤੇ ਜਲਦੀ ਜਾਣ ਲੱਗ ਜਾਣਗੀਆਂ। ਵਰਨਣ ਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਇਹ ਮੁੱਦਾ ਭਖਿਆ ਤਾਂ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਈ ਵਾਰ ਅਰਵਿੰਦ ਕੇਜਰੀਵਾਲ ਕੋਲ ਪਹੁੰਚ ਦੀ ਕੋਸ਼ਿਸ਼ ਕੀਤੀ, ਪਰ ਗੱਲ ਸਿਰੇ ਨਹੀਂ ਲੱਗੀ। ਪੰਜਾਬ ਤੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਨਾਲ ਇਹ ਮਸਲਾ ਛੇਤੀ ਹੱਲ ਹੋਣ ਦੀ ਆਸਹੈ। ਇਸ ਵੇਲੇ ਦਿੱਲੀ ਏਅਰਪੋਰਟ ਤੱਕ ਸਿਰਫ ਨਿੱਜੀ ਬੱਸਾਂ ਜਾਂਦੀਆਂ ਹਨ। ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਮੁਤਾਬਕ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੇ ਕਾਫ਼ੀ ਦੇਰ ਤੋਂ ਲਮਕ ਰਹੇ ਇਸ ਮੁੱਦੇ ਤੋਂ ਜਾਣੂ ਕਰਾਇਆ ਅਤੇ ਟਰਾਂਸਪੋਰਟ ਵਿਭਾਗ ਦੀ ਆਮਦਨ ਵਿੱਚ ਸਿੱਧ ਵਾਧਾ ਹੋਣ ਬਾਰੇ ਦੱਸਿਆਸੀਅਤੇ ਸਰਕਾਰੀ ਬੱਸਾਂ ਨਾ ਚੱਲਣ ਕਾਰਨ ਪ੍ਰਾਈਵੇਟ ਬੱਸ ਵਾਲਿਆਂ ਵੱਲੋਂ ਲੋਕਾਂ ਦੀ ਲੁੱਟ ਬਾਰੇ ਵੀ ਉਨ੍ਹਾਨੂੰ ਦੱਸਿਆ ਗਿਆ ਸੀ। ਮੰਤਰੀ ਭੁੱਲਰ ਨੇ ਦੱਸਿਆ ਕਿ ਇਸ ਪਿੱਛੋਂ ਉਨ੍ਹਾਂ ਨੇ ਟਰਾਂਸਪੋਰਟ ਸੈਕਟਰੀ ਵਿਕਾਸ ਗਰਗ ਨੂੰ ਦਿੱਲੀ ਸਰਕਾਰ ਦੇ ਅਫਸਰਾਂ ਨਾਲ ਮੀਟਿੰਗ ਲਈ ਕਿਹਾ ਤਾਂ ਪੰਜਾਬ ਦੇ ਟਰਾਂਸਪੋਰਟ ਸੈਕਟਰੀ ਵਿਕਾਸ ਗਰਗ ਨੇਦਿੱਲੀ ਦੇ ਪ੍ਰਿੰਸੀਪਲ ਸੈਕਟਰੀ ਟਰਾਂਸਪੋਰਟ ਅਸ਼ੀਸ਼ ਕੁੰਦਰਾ ਤੇ ਕੌਮਾਂਤਰੀ ਹਵਾਈ ਅੱਡੇ ਦੇ ਅਫਸਰਾਂ ਨਾਲ ਮੀਟਿੰਗ ਕੀਤੀ।ਓਥੇ ਅਦਾਲਤੀ ਹੁਕਮਾਂ ਵੀ ਵਿਚਾਰ ਕੀਤੀ ਗਈ। ਟਰਾਂਸਪੋਰਟ ਮੰਤਰੀ ਦੇ ਮੁਤਾਬਕ ਦਿੱਲੀ ਹਵਾਈ ਅੱਡੇ ਤੱਕ ਪੰਜਾਬ ਸਰਕਾਰ ਦੀਆਂ ਬੱਸਾਂ ਵੱਖ-ਵੱਖ ਸ਼ਹਿਰਾਂ ਤੋਂ ਲੋਕਾਂ ਨੂੰ ਸਸਤੇ ਕਿਰਾਏ ਉੱਤੇ ਲਿਜਾ ਸਕਣਗੀਆਂ ਅਤੇ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਲੁੱਟ ਤੋਂ ਬਚਾਅ ਹੋ ਸਕੇਗਾ।

# ਦਿੱਲੀ ਦੀ ਕਾਂਗਰਸ ਆਗੂ ਅਲਕਾ ਲਾਂਬਾ ਰੋਪੜ ਦੇ ਥਾਣੇ ਵਿੱਚ ਪੇਸ਼

*** ਦੋ ਮਿੰਟ ਵਿੱਚ ਬਾਹਰ ਆਈ ਅਲਕਾ ਬੋਲੀ:ਐਵੇਂ ਪ੍ਰੇਸ਼ਾਨ ਕਰਦੇ ਨੇ**

ਰੂਪਨਗਰ, 27 ਅਪਰੈਲ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਟਿੱਪਣੀ ਦੇ ਕੇਸ ਵਿੱਚ ਦੋਸ਼ੀ ਨਾਮਜ਼ਦ ਹੋਣ ਪਿੱਛੋਂ ਦਿੱਲੀ ਦੀ ਕਾਂਗਰਸ ਆਗੂ ਅਲਕਾ ਲਾਂਬਾ ਅੱਜ ਰੂਪਨਗਰ ਦੀ ਪੁਲਿਸ ਕੋਲ ਪੇਸ਼ ਹੋਈ, ਪਰ ਉਨ੍ਹਾਂ ਨੂੰ ਜਵਾਬ ਮਿਲਿਆ ਕਿ ਕੇਸ ਦੀ ਫਾਈਲ ਹਾਈ ਕੋਰਟ ਭੇਜ ਦਿੱਤੀ ਗਈ ਹੈ।



ਅਲਕਾ ਲਾਂਬਾ ਕਾਂਗਰਸ ਦੇ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨਾਲ ਥਾਣੇ ਪਹੁੰਚੀ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਹਾਲੇ ਐੱਸਐੱਸਪੀ ਡਾ. ਸੰਦੀਪ ਗਰਗ ਨਹੀਂ ਆਏ। ਲਗਪਗ ਅੱਧਾ ਘੰਟਾ ਉਡੀਕ ਪਿੱਛੋਂ ਜਦੋਂ ਐੱਸਐੱਸਪੀ ਆਏ ਤਾਂ ਅਲਕਾ ਨੂੰ ਕਿਹਾ ਕਿ ਕੇਸ ਦੀ ਫਾਈਲ ਹਾਈ ਕੋਰਟ ਪਹੁੰਚ ਗਈ ਹੈ। ਇਸ ਉੱਤੇ ਅਲਕਾ ਲਾਂਬਾ ਨੇ ਕਿਹਾ ਕਿ ਜੇ ਏਦਾਂ ਸੀ ਤਾਂ ਪਹਿਲਾਂ ਦੱਸਦੇ, ਦੋ ਦਿਨ ਤਰੀਕ ਕਿਉਂ ਬਦਲੀ ਸੀ।ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਹ ਪੰਜਾਬ ਅਤੇ ਸਾਡੇ ਲਈ ਸ਼ਰਮਨਾਕ ਹੈ ਕਿ ਇੱਕ ਔਰਤ ਨੂੰ ਥਾਣੇ ਸੱਦ ਕੇ ਪਰੇਸ਼ਾਨ ਕੀਤਾ ਹੈ। ਅਲਕਾ ਲਾਂਬਾ ਕਾਂਗਰਸ ਆਗੂਆਂ ਨਾਲ ਥਾਣਾ ਸਦਰ ਗਈ, ਪਰ ਐੱਸਐੱਚਓ ਵਿਜੇ ਕੁਮਾਰ ਦੇ ਕਮਰੇ ਵਿਚ ਐੱਸਪੀ ਹਰਬੀਰ ਸਿੰਘ ਅਟਵਾਲ ਦੀ ਹਾਜ਼ਰੀ ਵਿਚ ਦੋ ਮਿੰਟ ਬੈਠਣ ਪਿੱਛੋਂ ਬਾਹਰ ਆ ਕੇ ਕਿਹਾ ਕਿ ਉਨ੍ਹਾਂ ਤੋਂ ਕਿਤੇ ਵੀ ਦਸਖਤ ਨਹੀਂ ਕਰਵਾਏ ਗਏ, ਐਵੇਂ ਪਰੇਸ਼ਾਨ ਕਰਦੇ ਹਨ।

ਵਰਨਣ ਯੋਗ ਹੈ ਕਿ ਰੂਪਨਗਰ ਦੇ ਸਦਰ ਥਾਣਾ ਵਿੱਚ ਨਰਿੰਦਰ ਸਿੰਘ ਵਾਸੀ ਨੂਰਪੁਰ ਬੇਦੀ ਦੀ ਸ਼ਿਕਾਇਤ ਉੱਤੇ ਕਵੀ ਕੁਮਾਰ ਵਿਸ਼ਵਾਸ ਉੱਤੇ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿਚ ਦੋਸ਼ ਸੀ ਕਿ ਕੁਮਾਰ ਵਿਸ਼ਵਾਸ ਨੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੇ ਖਾਲਿਸਤਾਨੀਆਂ ਨਾਲ ਸਬੰਧਾਂ ਦਾ ਦੋਸ਼ ਲਾਇਆ ਤਾਂ ਲੋਕ ਰੂਪਨਗਰ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਖ਼ਾਲਿਸਤਾਨੀ ਕਹਿਣ ਲੱਗ ਪਏ ਹਨ।ਫਿਰ ਇਸ ਕੇਸਵਿੱਚ ਸਾਬਕਾ ਵਿਧਾਇਕ ਅਲਕਾ ਲਾਂਬਾ ਨੂੰ ਨਾਮਜ਼ਦ ਕੀਤਾ ਗਿਆ ਸੀ। ਅੱਜ ਅਲਕਾ ਲਾਂਬਾ ਦੇ ਸਮੱਰਥਨ ਵਿਚ ਰੂਪਨਗਰ ਸਿਵਲ ਸੈਕਟਰੀਏਟ ਦੇ ਅੱਗੇ ਕਾਂਗਰਸੀ ਵਰਕਰਾਂ ਨੇ ਧਰਨਾ ਦਿੱਤਾ ਅਤੇਸੈਕਟਰੀਏਟ ਵਿੱਚ ਵੜਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਦੀ ਅਗਵਾਈ ਕਰਦੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਸੈਕਟਰੀਏਟ ਦੇ ਮੇਨ ਗੇਟ ਉੱਤੇ ਚੜ੍ਹ ਗਏ। ਫਿਰ ਉਨ੍ਹਾਂ ਦੇ ਸਾਥੀਆਂ ਨੇ ਗੇਟ ਖੋਲ੍ਹ ਦਿੱਤੇ ਤਾਂ ਸੈਕਟਰੀਏਟ ਦੇ ਅੰਦਰ ਐੱਸਐੱਸਪੀ ਦਫਤਰ ਵਿੱਚ ਜਾਣ ਵੇਲੇ ਉਨ੍ਹਾਂਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਹੋਈ। ਇਸ ਦੌਰਾਨ ਐੱਸਐੱਸਪੀ ਦਫਤਰ ਦੇ ਮੇਨ ਗੇਟ ਦਾ ਸ਼ੀਸ਼ਾਵੀ ਟੁੱਟ ਗਿਆ।

# ਕੈਪਟਨ ਅਮਰਿੰਦਰ ਤੋਂ ਭਾਜਪਾ ਵੱਲੋਂ ਕਿਨਾਰਾ, ਸ਼ਹਿਰੀ ਚੋਣਾਂ ਇਕੱਲੀ ਲੜਨ ਲੱਗੀ

ਚੰਡੀਗੜ੍ਹ, 27 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਨਗਰ ਨਿਗਮ ਚੋਣਾਂ ਬਾਰੇ ਅਹਿਮ ਖ਼ਬਰ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਇਹ ਚੋਣਾਂ ਨਹੀਂ ਲੜੇਗੀ। ਸੰਗਰੂਰ ਲੋਕ ਸਭਾ ਸੀਟ ਉੱਤੇ ਉਪ ਚੋਣ ਅਤੇ 4 ਨਿਗਮਾਂ ਦੀਆਂ ਚੋਣਾਂ ਭਾਜਪਾ ਇਕੱਲੀ ਲੜਨ ਲੱਗੀਹੈ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਪਰੇ ਧੱਕ ਦਿੱਤਾ ਹੈ।



ਅੱਜ ਭਾਜਪਾ ਦੀ ਚੋਣਮੀਟਿੰਗ ਵਿੱਚ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਕੋ-ਇੰਚਾਰਜ ਨਰਿੰਦਰ ਰੈਣਾ ਅਤੇ ਦੁਸ਼ਯੰਤ ਗੌਤਮ ਹਾਜ਼ਰ ਸਨ।ਇਸ ਦੌਰਾਨ ਪੰਜਾਬ ਦੀ ਭਾਜਪਾ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਕਿਹਾ ਕਿ ਇਸ ਵਾਰ ਭਾਜਪਾ ਇਕੱਲੀ ਚੋਣ ਲੜਨ ਨੂੰ ਤਿਆਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਦੀ ਲੀਡਰਸ਼ਿਪ ਜੋ ਫੈਸਲਾ ਕਰੇਗੀ, ਉਨ੍ਹਾਂ ਨੂੰ ਮਨਜ਼ੂਰ ਹੋਵੇਗਾ।ਵਰਨਣ ਯੋਗ ਹੈ ਕਿ ਸੰਗਰੂਰ ਲੋਕ ਸਭਾ ਸੀਟ ਤੋਂ ਦੂਸਰੀ ਵਾਰ ਪਾਰਲੀਮੈਂਟ ਮੈਂਬਰ ਰਹੇ ਭਗਵੰਤ ਮਾਨ ਨੇ ਪੰਜਾਬ ਦਾ ਮੁੱਖ ਮੰਤਰੀ ਬਣਨ ਪਿੱਛੋਂਲੋਕ ਸਭਾ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਨਾਲ ਸੰਗਰੂਰ ਲੋਕ ਸਭਾ ਸੀਟ ਦੀ ਚੋਣ ਜਲਦੀ ਹੀ ਕਰਵਾਈ ਜਾਵੇਗੀ।

ਇਸ ਸਾਲ ਪੰਜਾਬ ਦੇ 4 ਸ਼ਹਿਰਾਂਜਲੰਧਰ, ਲੁਧਿਆਣਾ, ਪਟਿਆਲਾ ਅਤੇ ਅੰਮ੍ਰਿਤਸਰ ਦੀਆਂ ਚੋਣਾਂ ਹੋਣੀਆਂ ਹਨ। ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਤੇ ਕੈਪਟਨ ਅਮਰਿੰਦਰ ਸਿੰਘ ਦਾ ਗਠਜੋੜ ਸੀ। ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਕੋਈ ਸੀਟ ਨਹੀਂ ਜਿੱਤ ਸਕੀ ਅਤੇ ਭਾਜਪਾ 2 ਸੀਟਾਂ ਤੋਂ ਜੇਤੂ ਰਹੀ ਸੀ।

# ਅਦਾਲਤ ਵੱਲੋਂ ਰਵਿੰਦਰ ਨਰਾਇਣ ਨੂੰ ਸਿਹਤ ਸਹੂਲਤਾਂ ਦੇਣ ਦੇ ਹੁਕਮ

ਐਸ ਏ ਐਸ ਨਗਰ, 27 ਅਪ੍ਰੈਲ (ਪੋਸਟ ਬਿਊਰੋ)- ਮਿਸ ਪੰਜਾਬਣ ਕੇਸ ਵਿੱਚ ਫੜੇ ਇੱਕ ਨਿੱਜੀ ਚੈਨਲ ਦੇ ਐਮ ਡੀ ਰਵਿੰਦਰ ਨਰਾਇਣ ਦੀ ਸਿਹਤ ਬਾਰੇ ਅਤੇ ਪੀੜਤਾ ਦੀਆਂ ਕਾਲ ਰਿਕਾਰਡਜ਼ ਨੂੰ ਹਾਸਲ ਕਰਨ ਸਬੰਧੀ ਅਦਾਲਤ ਵਿੱਚ ਰਵਿੰਦਰ ਨਰਾਇਣ ਦੇ ਵਕੀਲ ਵੱਲੋਂ ਦਾਇਰ ਕੀਤੀਆਂ ਦੋ ਵੱਖ-ਵੱਖ ਅਰਜ਼ੀਆਂ ਦਾ ਜਸਟਿਸ ਵਿਸ਼ਵਜੋਤੀ ਦੀ ਅਦਾਲਤ ਨੇ ਨਿਪਟਾਰਾ ਕਰਦਿਆਂ ਜੇਲ੍ਹ ਪ੍ਰਸ਼ਾਸਨ ਨੂੰ ਹੁਕਮ ਦਿੱਤੇ ਹਨ ਕਿ ਸਿਵਲ ਹਸਪਤਾਲ ਵੱਲੋਂ ਪੇਸ਼ ਕੀਤੇ ਮੈਡੀਕਲ ਰਿਕਾਰਡ ਮੁਤਾਬਕ ਰਵਿੰਦਰ ਨਰਾਇਣ ਨੂੰ ਕਈ ਬਿਮਾਰੀਆਂ ਹਨ ਅਤੇ ਚੰਗਾ ਜੀਵਨ ਅਤੇ ਵਧੀਆ ਸਿਹਤ ਦਾ ਅਧਿਕਾਰ ਹਰ ਕਿਸੇ ਇਨਸਾਨ ਦਾ ਮੁਢੱਲਾ ਅਧਿਕਾਰ ਹੈ, ਇਸ ਲਈ ਜੇਲ੍ਹ ਪ੍ਰਸ਼ਾਸਨ ਜਿੰਨੀਆਂ ਜ਼ਰੂਰੀ ਸਿਹਤ ਸਹੂਲਤਾਂ ਹਨ, ਉਹ ਰਵਿੰਦਰ ਨਰਾਇਣ ਨੂੰ ਪੇਸ਼ ਕਰੇ, ਕਿਉਂਕਿ ਇਹ ਉਸ ਦਾ ਹੱਕ ਹੈ।

ਅਦਾਲਤ ਦੇ ਨਾਇਬ ਕੋਰਟ ਨੇ ਜੱਜ ਨੂੰ ਦੱਸਿਆ ਕਿ ਰਵਿੰਦਰ ਨਰਾਇਣ ਦੀ ਖ਼ਰਾਬ ਸਿਹਤ ਨੂੰ ਦੇਖਦਿਆਂ ਜੇਲ੍ਹ ਪ੍ਰਸ਼ਾਸਨ ਵੱਲੋਂ ਕੱਲ੍ਹ ਦੇਰ ਰਾਤ ਰਜਿੰਦਰਾ ਹਸਪਤਾਲ ਪਟਿਆਲਾ ਲਿਜਾਇਆ ਗਿਆ ਸੀ। ਦੂਜੀ ਅਰਜ਼ੀ ਦਾ ਨਿਪਟਾਰਾ ਕਰਦਿਆਂ ਅਦਾਲਤ ਨੇ ਇਸ ਮਾਮਲੇ ਦੇ ਜਾਂਚ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਉਹ ਪੀੜਤ ਲੜਕੀ ਦੇ ਮੋਬਾਈਲ ਫ਼ੋਨ ਦੀ 10 ਮਾਰਚ 2022 ਤੋਂ ਲੈ ਕੇ 15 ਮਾਰਚ 2022 ਤਕ ਦੀ ਸਾਰੀ ਕਾਲ ਰਿਕਾਰਡਜ਼ ਕੰਪਨੀ ਤੋਂ ਹਾਸਲ ਕਰੇ ਅਤੇ ਉਸ ਨੂੰ ਐਫ ਆਈ ਆਰ ਦਾ ਹਿੱਸਾ ਬਣਾਵੇ।

# ਬਾਦਲ, ਮਜੀਠੀਆ ਨੂੰ ਫਲੈਟ ਖ਼ਾਲੀ ਕਰਨ ਤੇ ਸੁੱਖੀ ਰੰਧਾਵਾ ਨੂੰ ਮੰਤਰੀ ਵਾਲੀ ਕਾਰ ਮੋੜਨ ਦੇ ਹੁਕਮ

ਚੰਡੀਗੜ੍ਹ, 27 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਪੰਜ ਵਾਰੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਧਾਇਕਾਂ ਵਾਲੇ ਫਲੈਟ ਖ਼ਾਲੀ ਕਰਨ ਨੂੰ ਕਹਿ ਦਿੱਤਾ ਗਿਆ ਹੈ। ਇਸ ਬਾਰੇ ਪੰਜਾਬ ਵਿਧਾਨ ਸਭਾ ਸੈਕਟਰੀਏਟ ਨੇ ਉਨ੍ਹਾਂ ਨੂੰ ਨੋਟਿਸ ਭੇਜਿਆ ਹੈ। ਬਿਕਰਮ ਸਿੰਘ ਮਜੀਠੀਆ ਦਾ ਫਲੈਟ ਲੈਣ ਵਾਸਤੇ ਅਕਾਲੀ ਵਿਧਾਇਕਾ ਗੁਨੀਵ ਕੌਰ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਪੱਤਰ ਲਿਖਿਆ ਸੀ, ਪਰ ਉਸ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਗਈ ਕਿ ਅਕਾਲੀ ਦਲ ਦੇ ਸਿਰਫ਼ ਤਿੰਨ ਵਿਧਾਇਕ ਹਨ ਤੇ ਉਨ੍ਹਾਂ ਦੇ ਕੋਟੇ ਤੋਂ ਮਿਲਣ ਵਾਲਾ ਫਲੈਟ ਪਹਿਲਾਂ ਮਨਪ੍ਰੀਤ ਸਿੰਘ ਇਯਾਲੀ ਨੂੰ ਮਿਲਿਆ ਹੈ। ਦੂਸਰਾ ਗੀਨਵ ਕੌਰ ਨੇ ਅਜੇ ਤੱਕ ਵਿਧਾਇਕ ਦੇ ਅਹੁਦੇ ਦੀ ਸਹੁੰ ਵੀ ਨਹੀਂ ਚੁੱਕੀ, ਇਸ ਲਈ ਹਾਲੇ ਉਹ ਏਦਾਂ ਦੀ ਮੰਗ ਨਹੀਂ ਕਰ ਸਕਦੀ। ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਇਸ ਵੇਲੇ ਡਰੱਗ ਕੇਸ ਵਿੱਚ ਗ੍ਰਿਫਤਾਰੀ ਪਿੱਛੋਂ ਪਟਿਆਲਾ ਜੇਲ੍ਹ ਵਿੱਚਜੁਡੀਸ਼ਲ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਕੋਲ ਸੈਕਟਰ 4 ਦਾ 39 ਨੰਬਰ ਫਲੈਟ ਹੈ। ਇਹ ਫਲੈਟ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚਮਕੌਰ ਸਾਹਿਬ ਤੋਂ ਹਰਾਉਣ ਵਾਲੇ ਵਿਧਾਇਕ ਡਾ. ਚਰਨਜੀਤ ਸਿੰਘ ਨੂੰ ਦੇ ਦਿੱਤਾ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਫਲੈਟ ਉਨ੍ਹਾਂ ਨੂੰ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ ਨੂੰ ਦਿੱਤਾ ਹੈ।ਇਸ ਵੇਲੇ ਪ੍ਰਕਾਸ਼ ਸਿੰਘ ਬਾਦਲ ਕੋਲ ਸੈਕਟਰ ਚਾਰ ਵਿੱਚ 37 ਨੰਬਰ ਫਲੈਟ ਹੈ। ਲੰਬੀ ਹਲਕੇ ਤੋਂ ਪ੍ਰਕਾਸ਼ ਸਿੰਘ ਬਾਦਲ ਅਤੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਬਿਕਰਮ ਸਿੰਘ ਮਜੀਠੀਆ ਇਸ ਵਾਰੀਚੋਣ ਹਾਰ ਗਏ ਸਨ।



ਪੰਜਾਬ ਵਿੱਚ ਸਰਕਾਰ ਬਦਲਦੇ ਸਾਰ ਸਰਕਾਰੀ ਫਲੈਟਾਂ ਦੇ ਨਾਲਗੱਡੀਆਂ ਦੀ ਸਿਆਸਤ ਵੀਭਖ ਪਈ ਹੈ।ਰਾਜ ਦੇ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫ਼ਤਰ ਨੇ ਸਾਬਕਾ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਮੰਤਰੀ ਕੋਟੇ ਤੋਂ ਉਨ੍ਹਾਂ ਨੂੰ ਮਿਲੀ ਹੋਈ ਇਨੋਵਾ ਗੱਡੀ ਮੋੜਨ ਨੂੰਕਹਿ ਦਿੱਤਾ ਹੈ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੈਨੂੰ ਸਮਝ ਨਹੀਂ ਆਈ ਕਿ ਮੈਨੂੰ ਨੋਟਿਸ ਕਿਉਂ ਭੇਜਿਆ ਹੈ, ਨੋਟਿਸ ਦੇਣਾ ਸੀ ਤਾਂ ਡਰਾਈਵਰ ਨੂੰ ਦੇ ਕੇ ਗੱਡੀ ਲੈ ਜਾਣ। ਜਾਣਕਾਰ ਸੂਤਰਾਂ ਮੁਤਾਬਕ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪਰਗਟ ਸਿੰਘ ਨੂੰ ਵੀ ਮੰਤਰੀ ਕੋਟੇ ਤੋਂ ਮਿਲੀਆਂ ਕਾਰਾਂ ਮੋੜਨ ਲਈ ਨੋਟਿਸ ਦਿੱਤਾ ਗਿਆ ਹੈ। ਇਨ੍ਹਾਂ ਗੱਡੀਆਂ ਲਈ ਪਰਗਟ ਸਿੰਘ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਸ਼ਬਦੀ ਨੋਕ-ਝੋਕ ਵੀ ਹੋ ਚੁੱਕੀ ਹੈ ਅਤੇ ਸਰਕਾਰੀ ਨਿਯਮ ਮੁਤਾਬਕ ਗੱਡੀਆਂ ਮੋੜਨੀਆਂ ਪੈਣੀਆਂ ਹਨ।

# ਮਾਈਨਿੰਗ ਦੇ ਲਈ ਸਰਕਾਰ ਸੜਕੀ ਸਹੂਲਤ ਨਹੀਂ ਦੇ ਸਕੀ

***ਹਾਈ ਕੋਰਟ ਵੱਲੋਂ ਵਿਆਜ ਸਹਿਤ ਪੈਸੇ ਮੋੜਨ ਦੇ ਆਦੇਸ਼**

ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਸਰਕਾਰ ਨੂੰ ਖਰੀ-ਖਰੀ ਸੁਣਾਉਂਦੇ ਹੋਏ ਮਾਈਨਿੰਗ ਕੰਪਨੀ ਤੋਂ ਮਾਈਨਿੰਗ ਸਾਈਟ ਲਈ ਪ੍ਰਾਪਤ ਕੀਤੀ ਕਰੀਬ ਚਾਰ ਕਰੋੜ ਰੁਪਏ ਦੀ ਰਾਸ਼ੀ ਵਿਆਜ ਸਹਿਤ ਵਾਪਸ ਕਰਨ ਨੂੰ ਕਿਹਾ ਹੈ।ਕੋਰਟ ਨੇ ਕਿਹਾ ਕਿ ਪੰਜਾਬ ਵਿੱਚ ਮਾਈਨਿੰਗ ਮਾਫੀਆ ਸਰਕਾਰ ਨੂੰ ਕਰੋੜਾਂ ਦੀ ਚੂਨਾ ਲਾ ਰਿਹਾ ਹੈ, ਪਰ ਜੋ ਲੋਕ ਇਮਨਦਾਰੀ ਨਾਲ ਸਰਕਾਰ ਨੂੰ ਕਰੋੜਾਂ ਦਾ ਰੈਵਿਨਿਊ ਦੇ ਕੇ ਸਾਈਟ ਲੈਂਦੇ ਹਨ, ਸਰਕਾਰ ਉਨ੍ਹਾਂ ਨੂੰ ਸਹੂਲਤਾਂ ਦੇਣ ਵਿੱਚ ਦਿਲਚਸਪੀ ਨਹੀਂ ਦਿਖਾ ਰਹੀ।



ਇਹ ਟਿੱਪਣੀ ਜਸਟਿਸ ਰਾਮਚੰਦਰ ਰਾਓ ਅਤੇ ਜਸਟਿਸ ਐਚ ਐਸ ਮਦਾਨ ਦੇ ਬੈਂਚ ਨੇ ਪੰਜਾਬ ਦੀ ਕਾਨਫਿਟੇਕ ਬਾਰਟਰ ਕੰਪਨੀ ਦੀ ਅਰਜ਼ੀ ਉੱਤੇ ਫੈਸਲਾ ਸੁਣਾਉਂਦੇ ਹੋਏ ਕੀਤੀ ਹੈ। ਇਸ ਕੰਪਨੀ ਨੇ ਲੁਧਿਆਣੇ ਦੇ ਮਾਛੀਵਾੜਾ ਕਸਬੇ ਦੇ ਪਿੰਡ ਲੁਬਾਨਗੜ੍ਹ ਵਿੱਚ 2017 ਵਿੱਚ ਈ-ਆਕਸ਼ਨ ਵਿੱਚ 6.71 ਏਕੜ ਦੀ ਮਾਈਨਿੰਗ ਸਾਈਟ 6 ਕਰੋੜ 51 ਲੱਖ ਰੁਪਏ ਸਾਲ ਦੇ ਹਿਸਾਬ ਨਾਲ ਪੰਜ ਸਾਲ ਵਾਸਤੇ ਲਈ ਸੀ, ਜਿਸ ਵਿੱਚ ਹਰ ਸਾਲ 10 ਪ੍ਰਤੀਸ਼ਤ ਵਾਧਾ ਹੋਣਾ ਸੀ। ਸ਼ਰਤਾਂ ਅਨੁਸਾਰ ਕੰਪਨੀ ਨੇ ਦੋ ਦਿਨਾਂ ਵਿੱਚ ਕਰੀਬ 3 ਕਰੋੜ 74 ਲੱਖ ਰੁਪਏ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਾਏ, ਪਰ ਜਦੋਂ ਕੰਪਨੀ ਮਾਈਨਿੰਗ ਕਰਨ ਪਹੁੰਚੀ ਤਾਂ ਉਸ ਦੇ ਟਰੱਕਾਂ ਅਤੇ ਟਰਾਲੀਆਂ ਨੂੰ ਪਿੰਡ ਦੇ ਅੰਦਰ ਜਾਂਦੇ ਰਸਤੇ ਤੋਂ ਨਹੀਂ ਲੰਘਣ ਦਿੱਤਾ ਗਿਆ ਕਿਉਂਕਿ ਸੜਕ ਦਾ ਕੁਝ ਹਿੱਸਾ ਇੱਕ ਪਿੰਡ ਦੀ ਜ਼ਮੀਨ ਵਿੱਚ ਸੀ ਤੇਕੰਪਨੀ ਤੋਂ ਲੋਕ ਗੁੰਡਾ ਟੈਕਸ ਮੰਗਦੇ ਸਨ, ਜਿਸ ਦੀ ਸ਼ਿਕਾਇਤ ਮਾਈਨਿੰਗ ਵਿਭਾਗ ਅਤੇ ਪੁਲਸ ਨੂੰ ਕੀਤੀ ਸੀ, ਪਰ ਪਿੰਡ ਦੇ ਲੋਕ ਜ਼ਿਲ੍ਹਾ ਅਦਾਲਤ ਤੋਂ ਆਦੇਸ਼ ਲੈ ਆਏ, ਜਿਸ ਵਿੱਚ ਕਿਹਾ ਗਿਆ ਕਿ ਜਬਰਨ ਕਿਸੇ ਦੀ ਜ਼ਮੀਨ ਵਿੱਚ ਦਾਖਲ ਨਹੀਂ ਹੋਇਆ ਜਾ ਸਕਦਾ। ਕੋਰਟ ਨੇ ਵੀ ਟਰੱਕਾਂ ਦੇ ਉਥੋਂ ਦੀ ਲੰਘਣ ਉੱਤੇ ਰੋਕ ਲਾ ਦਿੱਤੀ।ਦੋਨਾਂ ਪੱਖਾਂ ਨੂੰ ਸੁਣਨ ਦੇ ਬਾਅਦ ਕੋਰਟ ਨੇ ਡਾਇਰੈਕਟਰ ਮਾਈਨਿੰਗ ਅਤੇ ਵਾਟਰ ਰਿਸਾਰਸ ਵੱਲੋਂ 7 ਅਪ੍ਰੈਲ ਨੂੰ ਜਾਰੀ ਆਦੇਸ਼ ਰੱਦ ਕਰਦੇ ਹੋਏ ਕਿਹਾ ਕਿ ਦੋ ਮਹੀਨੇ ਦੇ ਅੰਦਰ ਕੰਪਨੀ ਵੱਲੋਂ ਦਿੱਤੀ ਗਈ ਰਾਸ਼ੀ ਛੇ ਪ੍ਰਤੀਸ਼ਤ ਵਿਆਜ ਸਹਿਤ ਵਾਪਸ ਕੀਤੀ ਜਾਵੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





# ਗੁਰੂ ਨਾਨਕ ਦੇਵ ਯੂਨੀਵਰਸਿਟੀ ’ਚ ਅਪਲਾਈਡ ਸਾਇੰਸਜ਼ ਲਈ ਵਿਸ਼ਲੇਸ਼ਣਾਤਮਕ ਸਾਧਨਾਂ ਦੀ ਜਾਣਕਾਰੀ ਵਿਸ਼ੇ ’ਤੇ ਸੱਤ ਰੋਜ਼ਾ ਵਰਕਸ਼ਾਪ ਦਾ ਉਦਘਾਟਨ

ਅੰਮ੍ਰਿਤਸਰ, 27 ਅਪ੍ਰੈਲ (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਖੇ ਸੱਤ ਦਿਨਾਂ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। ਇਹ ਪ੍ਰੋਗਰਾਮ ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਦੇ ਜਸ਼ਨਾਂ ਅਜ਼ਾਦੀ-ਕਾ-ਅੰਮ੍ਰਿਤ ਮਹਾਉਤਸਵ ਦੀ ਨਿਰੰਤਰਤਾ ਵਿੱਚ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੇ ਪ੍ਰੋਗਰਾਮ ਦੇ ਤਹਿਤ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਐਸ.ਐਸ. ਬਹਿਲ ਨੇ ਕੈਮਿਸਟਰੀ ਵਿਭਾਗ ਨੂੰ ਹੈਂਡ-ਆਨ ਟ੍ਰੇਨਿੰਗ ਪ੍ਰੋਗਰਾਮ ਦੇ ਆਯੋਜਨ ਵਿੱਚ ਸ਼ਾਮਲ ਹੋਣ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਵਿਸ਼ਲੇਸ਼ਣਾਤਮਕ ਸਾਧਨਾਂ ਦੀ ਵਰਤੋਂ ਦੇ ਨਾਲ-ਨਾਲ ਡਿਜ਼ਾਈਨਿੰਗ ਸਿੱਖਿਆ ਪ੍ਰਣਾਲੀ ਮਹੱਤਵਪੂਰਨ ਹਿੱਸਾ ਹੈ। ਉਨ੍ਹਾਂ ਵਾਈਸ ਚਾਂਸਲਰ ਪ੍ਰੋਫੈਸਰ ਡਾ. ਜਸਪਾਲ ਸਿੰਘ ਸੰਧੂ ਦੀ ਤਰਫ ’ਤੇ ਵਰਕਸ਼ਾਪ ਦੇ ਬੁਲਾਰਿਆਂ ਅਤੇ ਭਾਗੀਦਾਰਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ



ਯੂਨੀਵਰਸਿਟੀ ਆਪਣੇ ਖੋਜਾਰਥੀਆਂ ਨੂੰ ਯੂਨੀਵਰਸਿਟੀ ਵਿੱਚ ਉਪਲਬਧ ਬੁਨਿਆਦੀ ਢਾਂਚਾਗਤ ਸਹੂਲਤਾਂ ਪ੍ਰਦਾਨ ਕਰਨ ਲਈ ਹਮੇਸ਼ਾ ਵਚਨਬੱਧ ਹੈ।

ਡਾ. ਗੰਗਾ ਰਾਮ ਚੌਧਰੀ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਅਤੇ ਡਾਇਰੈਕਟਰ ਸੋਫੀਸਟੀਕੇਟਿਡ ਐਨਾਲਿਟੀਕਲ ਇੰਸਟਰੂਮੈਂਟੇਸ਼ਨ ਫੈਸਿਲਿਟੀ ਅਤੇ ਸੈਂਟਰਲ ਇੰਸਟਰੂਮੈਂਟੇਸ਼ਨ ਫੈਸਿਲਿਟੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕਿਹਾ ਕਿ ਭਾਰਤ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਨੇ ਭਾਰਤ ਵਿੱਚ ਖੋਜਕਰਤਾਵਾਂ ਨੂੰ ਸਿਖਲਾਈ ਦੇਣ ਲਈ ਇਹ ਪ੍ਰੋਗਰਾਮ ਭਾਰਤ ਸਰਕਾਰ ਦੁਆਰਾ ਵਿਕਸਤ ਕੀਤੇ ਬੁਨਿਆਦੀ ਢਾਂਚੇ ਦੀ ਵਰਤੋਂ ਕਰਕੇ ਸ਼ੁਰੂ ਕੀਤਾ ਹੈ ਜਿਸ ਲਈ ਇਹ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਫੰਡ ਦਿੰਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਸਮੇਤ ਕਈ ਵਿਭਾਗਾਂ ਨੂੰ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਇਸਦੀਆਂ ਵੱਖ-ਵੱਖ ਬੁਨਿਆਦੀ ਢਾਂਚੇ ਨਾਲ ਸਬੰਧਤ ਸਕੀਮਾਂ ਦੇ ਤਹਿਤ ਫੰਡ ਦਿੱਤੇ ਗਏ ਹਨ ਅਤੇ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੇ ਲਈ ਵੱਖ-ਵੱਖ ਖੋਜ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਲਾਗੂ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰੋਜੈਕਟਾਂ ਅਧੀਨ ਹੀ ਮਹਾਂਮਾਰੀ ਦੀ ਪਹਿਲੀ ਲਹਿਰ ਦੌਰਾਨ ਕਰੰਸੀ ਨੋਟਾਂ ਅਤੇ ਕਾਗਜ਼ਾਂ ਨੂੰ ਰੋਗਾਣੂ-ਮੁਕਤ ਕਰਨ ਲਈ ਇੱਕ ਅਲਟਰਾਵਾਇਲਟ ਕਿਰਨਾਂ ਅਧਾਰਤ ਸੈਨੀਟਾਈਜ਼ਰ ਦੇ ਨਾਲ-ਨਾਲ ਮਹਾਂਮਾਰੀ ਦੇ ਸਿਖਰ ਦੌਰਾਨ ਕਾਰਾਂ ਲਈ ਇੱਕ ਰਸਾਇਣ ਮੁਕਤ ਬੂਟ ਸੈਨੀਟਾਈਜ਼ਰ ਨੂੰ ਸਫਲਤਾਪੂਰਵਕ ਤਿਆਰ ਕੀਤਾ ਹੈ।

ਇਸ ਤੋਂ ਪਹਿਲਾਂ ਸਿਖਲਾਈ ਪ੍ਰੋਗਰਾਮ ਕੋਆਰਡੀਨੇਟਰ, ਡਾ. ਪਲਵਿੰਦਰ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਅਤੇ ਪ੍ਰੋਫ਼ੈਸਰ-ਇੰਚਾਰਜ ਪ੍ਰੀਖਿਆਵਾਂ ਨੇ ਮਹਿਮਾਨਾਂ ਅਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਦਾ ਸਵਾਗਤ ਕੀਤਾ। ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਸੁਖਪ੍ਰੀਤ ਸਿੰਘ ਨੇ ਕਿਹਾ ਕਿ ਕੈਮਿਸਟਰੀ ਵਿਭਾਗ ਭਾਰਤ ਵਿੱਚ ਕੈਮਿਸਟਰੀ ਦੇ ਪ੍ਰਮੁੱਖ ਵਿਭਾਗਾਂ ਵਿੱਚੋਂ ਇੱਕ ਹੈ ਅਤੇ 1971 ਵਿੱਚ ਇਸਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇਸ ਨੇ ਬਹੁਤ ਤਰੱਕੀ ਕੀਤੀ ਹੈ। ਇਸਦੇ ਬਹੁਤ ਸਾਰੇ ਫੈਕਲਟੀ ਮੈਂਬਰਾਂ ਨੂੰ ਭਾਰਤ ਅਤੇ ਵਿਦੇਸ਼ਾਂ ਵਿੱਚ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਸਾਇਣ ਵਿਗਿਆਨ ਵਿਭਾਗ ਖੋਜ ਅਤੇ ਸਿੱਖਿਆ ਦੇ ਵਿਕਾਸ ਲਈ ਯੋਗਦਾਨ ਪਾਉਣ ਲਈ ਹਮੇਸ਼ਾ ਵਚਨਬੱਧ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੁਪਰੀਮ ਕੋਰਟ ਨੇ ਗੈਰ ਕਾਨੂੰਨੀ ਕਾਲੋਨੀਆਂ ਨੂੰ ਵਿਕਾਸ ਵਿੱਚ ਰੁਕਾਵਟ ਮੰਨਿਆ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਗੈਰ ਕਾਨੂੰਨੀ ਤੌਰ ਉੱਤੇ ਬਣਾਈਆਂ ਜਾਂਦੀਆਂ ਕਾਲੋਨੀਆਂ ਨੂੰ ਸ਼ਹਿਰੀ ਵਿਕਾਸ ਲਈ ਸਮੱਸਿਆ ਦੱਸ ਕੇ ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਇਨ੍ਹਾਂ ਕਾਲੋਨੀਆਂ ਨੂੰ ਬਣਨੋਂ ਰੋਕਣ ਲਈ ਸੂਬਾ ਸਰਕਾਰਾਂ ਨੂੰ ਵਿਆਪਕ ਕਾਰਜ ਯੋਜਨਾ ਬਣਾਉਣ ਦੀ ਲੋੜ ਹੈ।

ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੂੰ ਇਸ ਕੇਸ ਵਿੱਚ ਅਦਾਲਤੀ ਮਿੱਤਰ (ਐਮੀਕਸ ਕਿਊਰ) ਨਿਯੁਕਤ ਕਰਦਿਆਂ ਉਨ੍ਹਾਂ ਨੂੰ ਸੁਝਾਅ ਦੇਣ ਲਈ ਕਿਹਾ ਕਿ ਗੈਰ ਕਾਨੂੰਨੀ ਕਾਲੋਨੀਆਂ ਬਣਨ ਨੂੰ ਰੋਕਣ ਲਈ ਸਰਕਾਰ ਕੀ ਕਰ ਸਕਦੀ ਹੈ। ਬੈਂਚ ਨੇ ਕਿਹਾ, ‘ਸ਼ਹਿਰਾਂ ਵਿੱਚ ਗੈਰ ਕਾਨੂੰਨੀ ਕਾਲੋਨੀਆਂ ਬਣਨ ਨਾਲ ਫੌਰੀ ਗੰਭੀਰ ਨਤੀਜੇ ਨਿਕਲਦੇ ਹਨ। ਅਸੀਂ ਹੈਦਰਾਬਾਦ ਅਤੇ ਕੇਰਲਾ ਵਿੱਚ ਹੜ੍ਹ ਦੇਖੇ ਹਨ, ਜਿਹੜੇ ਇਨ੍ਹਾਂ ਅਨਿਯਮਤ ਕਾਲੋਨੀਆਂ ਕਾਰਨ ਆਏ ਸਨ।'' ਬੈਂਚ ਨੇ ਕਿਹਾ ਕਿ ਸਬੰਧਤ ਅਫਸਰਾਂ ਨੂੰ ਗੈਰ ਕਾਨੂੰਨੀ ਕਾਲੋਨੀਆਂ ਦੀ ਇਜਾਜ਼ਤ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇ। ਇਸ ਮਾਮਲੇ ਵਿੱਚ ਸੂਬਾ ਸਰਕਾਰਾਂ ਨੂੰ ਕਾਰਵਾਈ ਕਰਨ ਦਾ ਰਾਹ ਲੱਭਣਾ ਪਵੇਗਾ। ਅਦਾਲਤੀ ਮਿੱਤਰ ਕੋਲ ਸਾਰਾ ਰਿਕਾਰਡ ਜਮ੍ਹਾਂ ਕਰਾਇਆ ਜਾਵੇ ਅਤੇ ਉਹ ਦੋ ਹਫਤਿਆਂ ਅੰਦਰ ਸੁਝਾਅ ਦੇਣਗੇ। ਕੇਸ ਦੀ ਸੁਣਵਾਈ ਤਿੰਨ ਹਫਤਿਆਂ ਬਾਅਦ ਹੋਏਗੀ। ਸੁਪਰੀਮ ਕੋਰਟ ਵੱਲੋਂ ਸਮਾਜਕ ਕਾਰਕੁਨ ਸਾਗਰ ਰਾਓ ਵੱਲੋਂ ਦਾਖਲ ਪਟੀਸ਼ਨ ਉੱਤੇ ਸੁਣਵਾਈ ਚੱਲ ਰਹੀ ਹੈ ਜਿਸ ਨੇ ਦੋਸ਼ ਲਾਇਆ ਹੈ ਕਿ ਤੇਲੰਗਾਨਾ, ਤਾਮਿਲ ਨਾਡੂ ਅਤੇ ਆਂਧਰਾ ਪ੍ਰਦੇਸ਼ ਵਿੱਚ ਗੈਰ ਕਾਨੂੰਨੀ ਕਾਲੋਨੀਆਂ ਨੂੰ ਸੂਬਾ ਸਰਕਾਰਾਂ ਵੱਲੋਂ ਪੱਕਾ ਕੀਤਾ ਜਾ ਰਿਹਾ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਵਿਦਿਆਰਥੀ ਦੇ ਜੀਵਨ ਵਿੱਚ ਸਿੱਖਿਆ ਅਤੇ ਅਭਿਲਾਸ਼ਾ ਦਾ ਮੁੱਲ

ਸਿੱਖਿਆ ਗਿਆਨ ਪ੍ਰਦਾਨ ਕਰਦੀ ਹੈ ਪਰ ਹੁਨਰ ਅਤੇ ਪੇਸ਼ੇਵਰ ਗੁਣਾਂ ਨੂੰ ਢਾਲਦਾ ਹੈ ਅਤੇ ਇੱਕ ਸਫਲ ਕਰੀਅਰ ਲਿਆਉਂਦਾ ਹੈ। ਪੜ੍ਹਾਈ ਵਿੱਚ, ਹੁਨਰ ਦਾ ਵਿਕਾਸ ਇੱਕ ਲੋੜ ਹੈ ਅਤੇ ਸਿਰਫ ਮਿਹਨਤੀ ਅਤੇ ਕਾਬਲ ਵਿਦਿਆਰਥੀ ਹੀ ਬਚਦਾ ਹੈ। ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਸਿੱਖਿਆ ਸਾਡੇ ਜੀਵਨ ਨੂੰ ਉੱਤਮ ਅਤੇ ਉੱਚੀ ਦਿਸ਼ਾ ਵੱਲ ਲੈ ਜਾਂਦੀ ਹੈ। ਲੈਕਚਰਾਂ ਅਤੇ ਅਸਾਈਨਮੈਂਟਾਂ ਤੋਂ ਬਾਅਦ ਯੋਗਤਾ ਇਮਤਿਹਾਨ ਉੱਚ ਪੱਧਰ 'ਤੇ ਵਿਦਿਆਰਥੀਆਂ ਦੇ ਪੱਧਰ ਦਾ ਮੁਲਾਂਕਣ ਕਰਦੇ ਹਨ। ਸਿੱਖਿਆ ਦੇ ਸ਼ੁਰੂਆਤੀ ਪੜਾਅ ਤੋਂ ਹੀ ਸਫਲਤਾ ਅਤੇ ਕੰਮ ਵਿਦਿਆਰਥੀਆਂ ਦੇ ਦਿਮਾਗ ਵਿੱਚ ਕੇਂਦਰਿਤ ਹੁੰਦੇ ਹਨ, ਇਸ ਲਈ ਸਿਰਫ ਉਹ ਆਪਣੇ ਨਤੀਜੇ ਪ੍ਰਾਪਤ ਕਰਨ ਲਈ ਸਿੱਖਿਆ ਦੇ ਖੇਤਰ ਵਿੱਚ ਇੰਨੀ ਡੂੰਘੀ ਦਿਲਚਸਪੀ ਲੈਂਦੇ ਹਨ ਅਤੇ ਸਿਰਫ ਮੈਰਿਟ 'ਤੇ ਖੜੇ ਹੋਣਾ ਚਾਹੁੰਦੇ ਹਨ। ਅਭਿਲਾਸ਼ਾ, ਉਦੇਸ਼ ਅਤੇ ਟੀਚਿਆਂ ਦੀ ਉਪਲਬਧਤਾ ਸਿੱਖਿਆ ਦੀ ਇਕਾਗਰਤਾ ਨੂੰ ਨਿਰਧਾਰਤ ਕਰਦੀ ਹੈ ਅਤੇ ਵਿਅਕਤੀ ਨੂੰ ਕਰੀਅਰ ਬਣਾਉਣ ਲਈ ਉਸ ਮਾਹੌਲ ਵਿੱਚ ਰਹਿਣਾ ਪੈਂਦਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਸਿੱਖਿਆ ਅਤੇ ਮਾਨਤਾ ਦੋ ਸਿੱਕਿਆਂ ਦੇ ਇੱਕੋ ਪਹਿਲੂ ਹਨ ਜੋ ਵਿਦਿਆਰਥੀ ਦੇ ਕੈਰੀਅਰ ਦੀ ਅਗਵਾਈ ਕਰਦੇ ਹਨ ਅਤੇ ਉਸਨੂੰ ਉਸਦੇ ਜੀਵਨ ਵਿੱਚ ਆਤਮਵਿਸ਼ਵਾਸ, ਦ੍ਰਿੜ, ਸੁਤੰਤਰ ਅਤੇ ਚੰਗੀ ਤਰ੍ਹਾਂ ਸਿੱਖਿਅਤ ਵੀ ਬਣਾਉਂਦੇ ਹਨ।

ਕਈ ਵਾਰ, ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਦੇ ਰਾਜ ਦੇ ਪ੍ਰਬੰਧਾਂ ਨੂੰ ਪੂਰਾ ਕਰਨ ਲਈ ਹੁਨਰਮੰਦ ਪੇਸ਼ੇਵਰਾਂ ਅਤੇ ਗਿਆਨ ਸਮੱਗਰੀ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਹਨਾਂ ਨੂੰ ਢਿੱਲਾ ਮਹਿਸੂਸ ਕਰਦਾ ਹੈ। ਪਰ, ਇਹ ਸਮੇਂ ਦੇ ਸ਼ੁਰੂਆਤੀ ਦੌਰ ਵਿੱਚ ਦੇਖਿਆ ਗਿਆ ਸੀ, ਹੁਣ ਨਹੀਂ। ਕਿਉਂਕਿ ਮੌਜੂਦਾ ਸਮੇਂ ਵਿੱਚ ਸਿੱਖਿਆ ਪ੍ਰਣਾਲੀ ਦੇ ਸਾਰੇ ਮਾਪਦੰਡ ਅਤੇ ਤਰੀਕੇ ਬਦਲ ਦਿੱਤੇ ਗਏ ਹਨ।

ਇੱਕ ਸਿੱਖਿਆ, ਇਸਦੇ ਅਨੁਕੂਲ ਮਾਪਾਂ, ਟੀਚਾ-ਅਧਾਰਿਤ ਉਦੇਸ਼ਾਂ, ਅਤੇ ਗਿਆਨ ਜਾਗਰੂਕਤਾ ਦੇ ਨਾਲ ਆਪਣੇ ਨਿਯਮਾਂ ਅਤੇ ਪਾਬੰਦੀਆਂ ਦਾ ਇੱਕ ਸਮੂਹ ਲਿਆਉਂਦੀ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਬਿਹਤਰੀ ਲਈ ਸਫਲਤਾਪੂਰਵਕ ਲਾਗੂ ਕਰਨ ਲਈ ਸਾਵਧਾਨ ਨਿਗਰਾਨੀ ਅਤੇ ਕਰਮਚਾਰੀਆਂ ਦੀ ਲੋੜ ਹੁੰਦੀ ਹੈ। ਸਿੱਖਿਆ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੀ ਅਗਵਾਈ ਕਰਨ ਅਤੇ ਜੀਵਨ ਵਿੱਚ ਇੱਕ ਵੱਡਮੁੱਲਾ ਸਥਾਨ ਪ੍ਰਾਪਤ ਕਰਨ ਲਈ ਹਮੇਸ਼ਾਂ ਤਾਕਤ, ਬੁੱਧੀਮਾਨ ਦਿਮਾਗ ਅਤੇ ਕਿਰਿਆਸ਼ੀਲ ਵਿਚਾਰ ਦਿੰਦੀ ਹੈ।

ਅਭਿਲਾਸ਼ਾ ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ ਅਤੇ ਇਹ ਸਾਡੇ ਜੀਵਨ ਵਿੱਚ ਉੱਪਰ ਵੱਲ ਵਧਣ ਵਾਲੀਆਂ ਦਿਸ਼ਾਵਾਂ ਦੇ ਨਾਲ ਇੱਕ ਨਵਾਂ ਤੱਤ ਵੀ ਪ੍ਰਦਾਨ ਕਰਦਾ ਹੈ। ਸਾਡੇ ਸਾਰਿਆਂ ਲਈ ਆਪਣੇ ਜੀਵਨ ਵਿੱਚ ਇੱਕ ਅਭਿਲਾਸ਼ਾ ਹੋਣਾ ਜ਼ਰੂਰੀ ਹੈ, ਤਾਂ ਜੋ ਅਸੀਂ ਇੱਕ ਸਾਰਥਕ ਤਰੀਕੇ ਨਾਲ ਜੀ ਸਕੀਏ। ਜ਼ਿੰਦਗੀ ਵਿਚ ਚੰਗੀ ਤਰ੍ਹਾਂ ਜਿਊਣ ਲਈ ਹਰ ਕਿਸੇ ਲਈ ਅਭਿਲਾਸ਼ਾ ਜ਼ਰੂਰੀ ਹੈ। ਅਭਿਲਾਸ਼ਾ ਤੋਂ ਬਿਨਾਂ, ਜੀਵਨ ਸੰਸਾਰ ਵਿੱਚ ਬੋਰਿੰਗ, ਇਕਸਾਰ ਅਤੇ ਰੁਚੀ ਰਹਿਤ ਹੋਵੇਗਾ। ਇਸ ਲਈ ਸੰਸਾਰ ਦੇ ਜੀਵਨ ਵਿੱਚ ਜਿਉਂਦੇ ਰਹਿਣ, ਪਾਲਣ-ਪੋਸ਼ਣ ਅਤੇ ਸਫ਼ਲਤਾ ਲਈ ਅਭਿਲਾਸ਼ਾ ਜ਼ਰੂਰੀ ਹੈ। ਇਹ ਸੱਚਮੁੱਚ ਦੇਖਿਆ ਗਿਆ ਹੈ ਕਿ ਅਭਿਲਾਸ਼ਾ ਸਾਡੇ ਸਾਰਿਆਂ ਵਿੱਚ ਉੱਤਮਤਾ ਲਿਆਉਂਦੀ ਹੈ ਅਤੇ ਸਾਡੇ ਟੀਚਿਆਂ ਵਿੱਚ ਸਫਲਤਾ ਪ੍ਰਾਪਤ ਕਰਨ ਵਿੱਚ ਵੀ ਮਦਦ ਕਰਦੀ ਹੈ। ਅਭਿਲਾਸ਼ਾ ਜੀਵਨ ਵਿੱਚ ਸੰਪੂਰਨਤਾ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ। ਇਸ ਲਈ ਕਿਸ ਕਿਸਮ ਦੀ ਅਭਿਲਾਸ਼ਾ ਜ਼ਰੂਰੀ ਹੈ ਉਹ ਚੀਜ਼ ਹੈ ਜਿਸਨੂੰ ਸਹੀ ਢੰਗ ਨਾਲ ਸੋਚਣਾ ਚਾਹੀਦਾ ਹੈ ਅਤੇ ਜੀਵਨ ਵਿੱਚ ਕਰੀਅਰ ਬਣਾਉਣ ਲਈ ਆਪਣੇ ਸਾਰੇ ਯਤਨਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਅਭਿਲਾਸ਼ਾ ਜੀਵਨ ਦੀ ਚਾਲਕ ਸ਼ਕਤੀ ਹੈ ਜੋ ਸੰਸਾਰ ਵਿੱਚ ਮਹਾਨ ਪ੍ਰਾਪਤੀਆਂ ਨੂੰ ਸੰਭਵ ਬਣਾਉਂਦੀ ਹੈ। ਇੱਥੇ ਰਹਿਣਾ ਕਾਫ਼ੀ ਨਹੀਂ ਹੈ, ਕਿਸੇ ਦੀ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਜਾਂ ਦਿਲਚਸਪ ਚੀਜ਼ਾਂ, ਯੋਗ ਚੀਜ਼ਾਂ, ਵਧੀਆ ਚੀਜ਼ਾਂ ਅਤੇ ਮਹਾਨ ਚੀਜ਼ਾਂ ਨੂੰ ਦੁਨੀਆ ਲਈ ਜਾਣਿਆ ਜਾਣ ਵਾਲਾ ਬਣਾਉਣ ਲਈ ਕੁਝ ਪ੍ਰਾਪਤ ਕਰਨਾ



ਪੈਂਦਾ ਹੈ।

ਵਿਦਿਆਰਥੀਆਂ ਦੇ ਕੈਰੀਅਰ ਨੂੰ ਆਕਾਰ ਦੇਣ ਲਈ ਸਿੱਖਿਆ ਹਮੇਸ਼ਾ ਹੀ ਬੁਨਿਆਦੀ ਸਾਧਨ ਰਹੀ ਹੈ। ਕੈਰੀਅਰ ਨੂੰ ਵਿਕਸਤ ਕਰਨ ਲਈ ਤੁਸੀਂ ਜੋ ਸਭ ਤੋਂ ਮਹੱਤਵਪੂਰਨ ਕਦਮ ਚੁੱਕ ਸਕਦੇ ਹੋ, ਉਹ ਹੈ ਕੁਝ ਸਿਖਲਾਈ ਅਤੇ ਸਿੱਖਿਆ ਲੈਣਾ। ਤੁਸੀਂ ਆਪਣੇ ਮੌਜੂਦਾ ਹੁਨਰ ਨੂੰ ਸੁਧਾਰ ਸਕਦੇ ਹੋ ਜਾਂ ਨਵਾਂ ਬਣਾ ਸਕਦੇ ਹੋ- ਆਪਣੇ ਖੁਦ ਦੇ ਪੇਸ਼ੇਵਰ ਜੀਵਨ ਦੇ ਮਾਹਰ ਬਣ ਸਕਦੇ ਹੋ। ਵਿੱਚ, ਤੁਹ-ਾਡੇ ਆਦਰਸ਼ ਟੀਚਿਆਂ ਤੱਕ ਪਹੁੰਚਣ ਲਈ ਤੁਹਾਡੇ ਹੁਨਰ ਨੂੰ ਬਣਾਉਣਾ ਮਹੱਤਵਪੂਰਨ ਹੈ। ਕਿਉਂਕਿ ਆਖਰਕਾਰ, ਤੁਹਾਨੂੰ ਇਸ ਤੱਥ ਦੇ ਕਾਰਨ ਆਪਣੀ ਨੌਕਰੀ ਨਹੀਂ ਮਿਲੀ ਹੈ ਕਿ ਤੁਹਾਡੇ ਕੋਲ ਕੁਝ ਹੁਨਰ ਜਾਂ ਤਜ਼ਰਬੇ ਦੀ ਘਾਟ ਹੈ। ਨਵੇਂ ਸੱਭਿਆਚਾਰ, ਨਵੇਂ ਖੇਤਰ, ਨਵੀਆਂ ਚੁਣੌਤੀਆਂ ਦਾ ਅਨੁਭਵ ਕਰਨ ਅਤੇ ਪੂਰੀ ਨਵੀਂ ਦੁਨੀਆਂ ਲਈ ਆਪਣੇ ਮਨ ਨੂੰ ਖੋਲ੍ਹਣ ਬਾਰੇ ਸਿੱਖਣ ਅਤੇ ਸਿੱਖਿਆ ਅਤੇ ਗਿਆਨ ਤੋਂ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹੀ ਕੈਰੀਅਰ ਮਾਰਗ ਦੀ ਚੋਣ ਕਰਨਾ ਵਿਕਲਪਾਂ ਦਾ ਰਸਤਾ ਹੈ, ਕਿਸੇ ਦੇ ਕਰੀਅਰ ਦੇ ਮਾਰਗ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਪੇਸ਼ ਕੀਤੇ ਜਾ ਰਹੇ ਕੋਰਸਾਂ ਬਾਰੇ ਹਮੇਸ਼ਾਂ ਬਿਹਤਰ ਜਾਣਕਾਰੀ ਹੁੰਦੀ ਹੈ।

ਪਦਾਰਥਵਾਦੀ ਵਿਕਾਸ, ਬੌਧਿਕ ਵਿਕਾਸ ਅਤੇ ਅਧਿਆਤਮਿਕ ਵਿਕਾਸ ਲਈ ਅਭਿਲਾਸ਼ਾ ਵਾਲੇ ਵਿਅਕਤੀ ਹਨ। ਇਸ ਲਈ, ਸਰਬਪੱਖੀ ਵਿਕਾਸ ਦੀ ਅਭਿਲਾਸ਼ਾ ਹੀ ਮਨੁੱਖ ਨੂੰ ਸਕਾਰਾਤਮਕ ਗੁਣਾਂ ਵਾਲਾ ਸੰਪੂਰਨ ਮਨੁੱਖ ਬਣਾ ਸਕਦੀ ਹੈ, ਜੋ ਮਨੁੱਖੀ ਸੰਸਕ੍ਰਿਤੀ ਦਾ ਉਦੇਸ਼ ਹੈ ਅਤੇ ਵਿਸ਼ਵ ਦੀ ਭਲਾਈ ਲਈ ਜ਼ਰੂਰੀ ਹੈ। ਸਾਡੇ ਸਾਰਿਆਂ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਜੋ ਲਾਲਸਾਵਾਂ ਇਕਪਾਸੜਤਾ, ਸਵਾਰਥ ਜਾਂ ਕਲਪਨਾ 'ਤੇ ਆਧਾਰਿਤ ਹਨ, ਉਹ ਸੰਸਾਰ ਦੇ ਮਨੁੱਖੀ ਸਮਾਜ ਲਈ ਅਸਧਾਰਨ, ਗੈਰ-ਕੁਦਰਤੀ ਅਤੇ ਅਣਚਾਹੇ ਹਨ। ਇਸ ਲਈ ਅਭਿਲਾਸ਼ਾ ਜ਼ਰੂਰੀ ਹੈ, ਪਰ ਚੰਗੀ ਅਭਿਲਾਸ਼ਾ ਹੀ ਜੀਵਨ ਵਿੱਚ ਸੰਤੁਸ਼ਟੀ, ਸ਼ਾਂਤੀ ਅਤੇ ਖੁਸ਼ੀ ਦੇ ਸਕਦੀ ਹੈ। ਸਿਰਫ਼ ਇਹ ਮੰਨਿਆ ਜਾਂਦਾ ਹੈ ਕਿ ਸਿਰਫ਼ ਵਿਅਕਤੀਆਂ ਲਈ ਹੀ ਨਹੀਂ, ਸਗੋਂ ਕੌਮਾਂ ਲਈ ਵੀ ਸਿਹਤਮੰਦ ਮਨੁੱਖੀ ਅਭਿਲਾਸ਼ਾ ਅਤਿ ਜ਼ਰੂਰੀ ਹੈ ਤਾਂ ਜੋ ਦੁਨੀਆਂ ਦੇ ਹਰੇਕ ਵਿਅਕਤੀ ਲਈ ਅਸਲ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਪ੍ਰਾਪਤ ਕੀਤੀ ਜਾ ਸਕੇ।

ਇਸ ਲਈ, ਅਜਿਹੇ ਵਿਆਪਕ ਵਿਚਾਰ ਨੂੰ ਲਾਗੂ ਕਰਨ ਲਈ, ਹਰੇਕ ਵਿਅਕਤੀ ਨੂੰ ਆਪਣੇ ਵਿਚਾਰਾਂ ਨੂੰ ਸਿਰਫ ਆਪਣੇ ਵਿਅਕਤੀਗਤ ਸਵੈ ਤੱਕ ਸੀਮਤ ਕਰਨ ਦੀ ਬਜਾਏ, ਭਵਿੱਖ ਦੇ ਸੰਸਾਰ ਦੇ ਦ੍ਰਿਸ਼ਟੀਕੋਣ ਦੇ ਨਾਲ ਕੁਝ ਯਥਾਰਥਵਾਦੀ ਅਤੇ ਚੰਗੀ ਇੱਛਾ ਰੱਖਣੀ ਚਾਹੀਦੀ ਹੈ।

ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦੇ ਗਿਆਨ, ਹੁਨਰ ਅਤੇ ਚਰਿੱਤਰ ਦਾ ਵਿਕਾਸ ਕਰਨਾ ਹੈ। ਕਿਸੇ ਵਿਅਕਤੀ ਦੇ ਮਨ ਵਿੱਚ ਗਿਆਨ ਉਦੋਂ ਪੈਦਾ ਹੁੰਦਾ ਹੈ ਜਦੋਂ ਉਹ ਵਿਅਕਤੀ ਕਿਸੇ ਵਿਚਾਰ ਜਾਂ ਅਨੁਭਵ ਨਾਲ ਗੱਲਬਾਤ ਕਰਦਾ ਹੈ। ਸਿੱਖਿਆ ਵਿਦਿਆਰਥੀ ਦੇ ਅੰਦਰ ਪਹਿਲਾਂ ਤੋਂ ਹੀ ਕੀ ਹੈ ਉਸ ਨੂੰ ਬਾਹਰ ਕੱਢਣ ਬਾਰੇ ਹੈ। ਖੈਰ, ਇਹ ਅਧਿਆਪਕਾਂ ਦਾ ਫਰਜ਼ ਅਤੇ ਮਹਿਜ਼ ਜ਼ੰਮੇਵਾਰੀ ਹੈ, ਕਿ ਉਹ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿਚ ਸਰਵੋਤਮ ਮੁਕਾਮ ਹਾਸਲ ਕਰਨ ਲਈ ਲੋੜੀਂਦਾ ਗਿਆਨ ਅਤੇ ਹੁਨਰ ਦੇਣ ਅਤੇ ਆਪਣੇ ਕੈਰੀਅਰ ਵਿਚ ਵੀ ਉੱਡਦੇ ਰੰਗਾਂ ਨਾਲ ਬਾਹਰ ਆਉਣ। ਸਿੱਖਿਆ ਦਾ ਕੇਂਦਰੀ ਕੰਮ ਅਤੇ ਅਰਥ ਵਿਦਿਆਰਥੀਆਂ ਵਿੱਚ ਇੱਛਾ ਸ਼ਕਤੀ ਪੈਦਾ ਕਰਨਾ ਹੈ ਅਤੇ ਸਿੱਖਣ ਲਈ ਸਭ ਤੋਂ ਵਧੀਆ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਵਿਅਕਤੀ ਆਸਾਨੀ ਨਾਲ ਆਪਣੇ ਜੀਵਨ ਦਾ ਸਹੀ ਅਰਥ ਲੱਭ ਸਕੇ। ਹਰ ਚੰਗੀ ਅਤੇ ਲਾਹੇਵੰਦ ਸਿੱਖਿਆ ਦੀ ਕੋਸ਼ਿਸ਼ ਨੂੰ ਸਭ ਤੋਂ ਵਧੀਆ ਢੰਗ ਨਾਲ ਵਰਤਿਆ ਜਾਣਾ ਚਾਹੀਦਾ ਹੈ, ਜੋ ਵਿਦਿਆਰਥੀਆਂ ਨੂੰ ਆਪਣੇ ਸਿੱਖਣ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਆਪਣੇ ਕੈਰੀਅਰ ਵਿੱਚ ਇੱਕ ਚਮਕਦਾਰ ਚੰਗਿਆੜੀ ਬਣਨ ਵਿੱਚ ਮਦਦ ਕਰ ਸਕਦਾ ਹੈ। ਸਿੱਖਿਆ ਦਾ ਉਦੇਸ਼ ਇੱਕ ਵਿਦਿਆਰਥੀ ਨੂੰ ਸਿਖਾਉਣਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਸਭ ਤੋਂ ਵੱਧ ਸੰਚਾਲਿਤ ਅਤੇ ਨਿਯੰਤਰਿਤ ਤਰੀਕੇ ਨਾਲ ਕਿਵੇਂ ਜੀਣਾ ਹੈ। ਅਤੇ ਉਸਦੇ ਦਿਮਾਗ ਨੂੰ ਵਿਕਸਤ ਕਰਕੇ ਅਤੇ ਉਸਨੂੰ ਅਸਲੀਅਤ ਨਾਲ ਨਜਿੱਠਣ ਲਈ ਉਤਸ਼ਾਹਿਤ ਕਰਕੇ ਵੀ. ਵਿਦਿਆਰਥੀਆਂ ਨੂੰ ਸਿੱਖਿਆ ਦੇ ਮਾਣਮੱਤੇ ਮਾਧਿਅਮ ਰਾਹੀਂ ਆਪਣੇ ਆਪ ਨੂੰ ਸਮਝਣ, ਲਾਗੂ ਕਰਨ ਅਤੇ ਸਾਬਤ ਕਰਨ ਲਈ ਚੰਗੇ ਢੰਗ ਨਾਲ ਸਿਖਾਇਆ ਜਾਣਾ ਚਾਹੀਦਾ ਹੈ।

ਤਜਰਬੇ, ਗਿਆਨ ਅਤੇ ਦ੍ਰਿਸ਼ਟੀ ਦੇ ਆਧਾਰ 'ਤੇ ਇੱਕ ਢੁਕਵੀਂ ਅਭਿਲਾਸ਼ਾ ਨਾਲ, ਵਿਅਕਤੀ ਸੰਸਾਰ ਵਿੱਚ ਜੀਵਨ ਦੀਆਂ ਔਕੜਾਂ ਨੂੰ ਪਾਰ ਕਰ ਸਕਦਾ ਹੈ। ਇਹ ਇੱਕ ਅਸਲ ਸੱਚ ਹੈ, ਕਿ ਅਨੁਭਵ, ਪੜਨ ਅਤੇ ਨਿਰੀਖਣ ਤੋਂ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ। ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਗਿਆਨ ਅਤੇ ਦ੍ਰਿੜ ਵਿਸ਼ਵਾਸ ਸਾਨੂੰ ਇੱਕ ਸਰਗਰਮ ਮਨ, ਮਜ਼ਬੂਤ ਰਵੱਈਆ, ਸਿਆਣਪ, ਆਤਮ-ਵਿਸ਼ਵਾਸ, ਇੱਛਾ-ਸ਼ਕਤੀ ਪ੍ਰਦਾਨ ਕਰਦਾ ਹੈ, ਜੋ ਮਾਮਲਿਆਂ ਬਾਰੇ ਫੈਸਲਾ ਕਰਨ ਲਈ ਜ਼ਰੂਰੀ ਹੈ। ਫਿਰ ਕਿਸੇ ਦੀ ਅਭਿਲਾਸ਼ਾ ਉਸ ਮਿਸ਼ਨ ਨੂੰ ਪੂਰਾ ਕਰਨਾ ਜਾਂ ਸੰਸਾਰ ਵਿੱਚ ਉਸ ਨੂੰ ਪ੍ਰਾਪਤ ਕਰਨਾ ਹੋਵੇਗਾ, ਜੋ ਜੀਵਨ ਵਿੱਚ ਹਰ ਚੀਜ਼ ਨੂੰ ਦਿਲਚਸਪ ਬਣਾ ਦੇਵੇਗਾ ਅਤੇ ਇੱਕ ਵਿਅਕਤੀ ਨੂੰ ਆਪਣੀ ਯੋਜਨਾ ਅਨੁਸਾਰ ਸਾਰੇ ਮਾਮਲਿਆਂ ਨੂੰ ਪੂਰੀ ਸਫਲਤਾ ਨਾਲ ਪ੍ਰਾਪਤ ਕਰੇਗਾ। ਇਹੀ ਤਰੀਕਾ ਹੈ ਕਿ ਹਰ ਕਿਸੇ ਨੇ ਸੰਸਾਰ ਵਿੱਚ ਰਹਿਣਾ ਹੈ ਅਤੇ ਕਲਾ, ਸਾਹਿਤ, ਸੂਚਨਾ ਤਕਨਾਲੋਜੀ, ਖੇਤੀਬਾੜੀ, ਰਾਜਨੀਤੀ ਆਦਿ ਵਿੱਚ ਆਪਣੀ ਪੂਰੀ ਸਮਰੱਥਾ ਅਨੁਸਾਰ ਕੁਝ ਕਮਾਲ ਦੀ ਪ੍ਰਾਪਤੀ ਕਰਨੀ ਹੈ, ਨਾ ਸਿਰਫ ਮੌਜੂਦਾ ਸੰਸਾਰ ਲਈ, ਸਗੋਂ ਮਨੁੱਖਤਾ ਦੇ ਭਵਿੱਖ ਲਈ ਵੀ। . ਅਤੇ ਇਹ ਸਾਡੇ ਸਾਰਿਆਂ ਲਈ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਜੀਵਨ ਨੂੰ ਅਰਥ ਪ੍ਰਦਾਨ ਕਰੀਏ, ਤਾਂ ਜੋ ਅਸੀਂ ਆਪਣੇ ਟੀਚਿਆਂ, ਉਦੇਸ਼ਾਂ ਅਤੇ ਅਭਿਲਾਸ਼ਾਵਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪ੍ਰਾਪਤ ਕਰ ਸਕੀਏ।

ਅਸਲ ਵਿੱਚ, ਉਹਨਾਂ ਨੂੰ ਜ਼ਰੂਰੀ ਗਿਆਨ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਜੀਵਨ ਵਿੱਚ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਉਹਨਾਂ ਦੇ ਆਪਣੇ ਯਤਨਾਂ ਨੂੰ ਬਾਹਰ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ। ਸਿੱਖਿਆ ਦਾ ਮੁੱਖ ਉਦੇਸ਼ ਆਪਣੇ ਮਨ ਨੂੰ ਸੁਧਾਰਨਾ ਹੈ ਤਾਂ ਜੋ ਅਸੀਂ ਦੂਜਿਆਂ ਦੇ ਵਿਚਾਰਾਂ 'ਤੇ ਚੱਲਣ ਦੀ ਬਜਾਏ ਆਪਣੀ ਸੋਚ ਨੂੰ ਉੱਚਾ ਚੁੱਕ ਸਕੀਏ। ਖੈਰ, ਸਾਰੇ ਵਿਦਿਆਰਥੀਆਂ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਸਿੱਖਿਆ ਦਾ ਉਦੇਸ਼ ਅਧਿਆਪਨ ਦੇ ਤਰੀਕਿਆਂ, ਵਿਹਾਰ ਅਤੇ ਲਾਗੂ ਕਰਨ ਦੇ ਦਿਲ ਅਤੇ ਦਿਮਾਗ ਵਿੱਚ ਹੈ। ਵਿਦਿਆਰਥੀਆਂ ਦੇ ਆਪਣੇ ਮੁੱਲਾਂ ਅਤੇ ਤਜ਼ਰਬਿਆਂ ਤੋਂ ਪੈਦਾ ਹੋਣ ਵਾਲੇ ਵਿਸ਼ਵਾਸ ਹਮੇਸ਼ਾ ਉਨ੍ਹਾਂ ਦੇ ਕਰੀਅਰ ਅਤੇ ਜੀਵਨ ਵਿੱਚ ਪਹਿਲਾ ਮੋਰਚਾ ਲੈਂਦੇ ਹਨ। ਖੈਰ, ਇਹ ਇੱਕ ਸੱਚਾ ਤੱਥ ਹੈ ਕਿ ਸਕੂਲ ਤੋਂ ਅਸਲ ਸੰਸਾਰ ਵਿੱਚ ਗਿਆਨ ਦਾ ਤਬਾਦਲਾ ਕੁਝ ਅਜਿਹਾ ਹੁੰਦਾ ਹੈ ਜੋ ਉਸ ਗਿਆਨ ਨੂੰ ਸਿੱਖਿਆ ਦੇ ਇੱਕ ਅਤਿ ਕਾਰਜ ਵਜੋਂ ਰੱਖਣ ਦੇ ਨਤੀਜੇ ਵਜੋਂ ਕੁਦਰਤੀ ਤੌਰ 'ਤੇ ਵਾਪਰਦਾ ਹੈ। ਇਹ ਇੱਕ ਚੰਗੀ ਤਰ੍ਹਾਂ ਪਰਿਭਾਸ਼ਿਤ ਅਤੇ ਸਟੀਕ ਕਥਨ ਹੈ ਕਿ ਸਿੱਖਿਆ ਦੀ ਭਾਸ਼ਾ ਨੂੰ ਸੁਣਨਾ ਜੋ ਸਿਖਿਆਰਥੀ ਦੀ ਬਜਾਏ ਗਿਆਨ ਅਤੇ ਸਿੱਖਿਆ 'ਤੇ ਪੂਰਾ ਧਿਆਨ ਦਿੰਦਾ ਹੈ। ਇਸ ਲਈ, ਵਿਦਿਆਰਥੀਆਂ ਤੋਂ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਸਕੂਲਾਂ ਦੀ ਬਜਾਏ ਸਕੂਲਾਂ ਦੇ ਅਨੁਕੂਲ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਲਈ, ਸਾਰੇ ਸਿੱਖਿਅਕਾਂ-ਅਧਿਆਪਕਾਂ-ਪ੍ਰੋਫੈਸਰਾਂ ਅਤੇ ਗਾਈਡਾਂ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਮੌਜੂਦਾ ਗਿਆਨ ਦੀ ਰੌਸ਼ਨੀ ਵਿੱਚ ਆਪਣੇ ਵਿਸ਼ਵਾਸਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਮੁੜ ਜਾਂਚ ਕਰਨ ਜੋ ਵਿਦਿਆਰਥੀਆਂ ਦੀ ਇੱਕ ਸਰਲ, ਉਪਯੋਗੀ ਅਤੇ ਆਸਾਨ ਤਰੀਕੇ ਨਾਲ ਮਦਦ ਕਰ ਸਕਦੇ ਹਨ।

ਜਿਵੇਂ ਕਿ ਅਸੀਂ ਆਪਣੀ ਅਭਿਲਾਸ਼ਾ ਬਣਾਉਂਦੇ ਹਾਂ ਅਤੇ ਆਪਣੇ ਸਾਰੇ ਯਤਨਾਂ ਨੂੰ ਲਾਗੂ ਕਰਦੇ ਹਾਂ ਤਾਂ ਜੋ ਅਸੀਂ ਆਪਣੇ ਕੰਮ ਨਾਲ ਸਭ ਨੂੰ ਆਸਾਨੀ ਨਾਲ ਖੁਸ਼ ਕਰ ਸਕੀਏ ਅਤੇ ਜ਼ਿੰਦਗੀ ਵਿੱਚ ਆਪਣੀ ਅਸਲ ਮੰਜ਼ਿਲ ਨੂੰ ਪ੍ਰਾਪਤ ਕਰ ਸਕੀਏ। ਇਹ ਸਾਡੇ ਸਾਰਿਆਂ ਲਈ ਰੋਜ਼ਾਨਾ ਦਾ ਸਾਹਸ ਬਣ ਜਾਂਦਾ ਹੈ, ਕਿਉਂਕਿ ਸਾਨੂੰ ਰੁਟੀਨ ਸਥਿਤੀਆਂ ਮਿਲਦੀਆਂ ਹਨ ਜੋ ਜੀਵਨ ਅਤੇ ਕਿਸੇ ਦੇ ਚਰਿੱਤਰ ਬਾਰੇ ਡੂੰਘੇ ਅਤੇ ਅਸਲ ਸਬਕ ਲਿਆ ਸਕਦੀਆਂ ਹਨ। ਅਸੀਂ ਆਪਣੇ ਕੰਮ, ਸਾਡੇ ਨਿੱਜੀ ਜੀਵਨ ਅਤੇ ਦੂਜਿਆਂ ਦੇ ਜੀਵਨ ਵਿੱਚ ਵੀ ਪ੍ਰਮਾਤਮਾ ਦੀ ਮਹਿਮਾ, ਸ਼ਕਤੀ ਅਤੇ ਬੁੱਧੀ ਨੂੰ ਦੇਖਦੇ ਹਾਂ। ਜਿਵੇਂ ਕਿ ਅਸੀਂ ਉਸ ਚੀਜ਼ ਦੀ ਭਾਲ ਨਹੀਂ ਕਰਨਾ ਸਿੱਖਦੇ ਹਾਂ ਜੋ ਅਸੀਂ ਚਾਹੁੰਦੇ ਹਾਂ, ਪਰ ਜੋ ਸਹੀ ਹੈ. ਇਸ ਲਈ, ਅਸੀਂ ਹਮੇਸ਼ਾਂ ਉਸ ਦੀ ਸ਼ਾਂਤੀ ਅਤੇ ਅਨੰਦ ਵਿੱਚ ਪ੍ਰਵੇਸ਼ ਕਰਦੇ ਹਾਂ ਜੋ ਚੰਗਾ, ਆਸਾਨ, ਅਸਲੀ ਅਤੇ ਪ੍ਰਸੰਨ ਹੁੰਦਾ ਹੈ। ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਸਾਡੀਆਂ ਜ਼ੁੰਮੇਵਾਰੀਆਂ ਅਤੇ ਸ਼ਮੂਲੀਅਤਾਂ ਹੋਰ ਵੀ ਉਤਸ਼ਾਹਿਤ ਹੋ ਜਾਂਦੀਆਂ ਹਨ ਕਿ ਅਸੀਂ ਆਪਣੇ ਕੰਮ ਦਾ ਆਨੰਦ ਲੈਣਾ ਸ਼ੁਰੂ ਕਰਦੇ ਹਾਂ, ਸਾਡੇ ਯਤਨਾਂ 'ਤੇ ਵਿਸ਼ਵਾਸ ਕਰਦੇ ਹਾਂ ਅਤੇ ਆਪਣੀ ਸਕਾਰਾਤਮਕ ਸੋਚ ਨੂੰ ਜਾਰੀ ਰੱਖਦੇ ਹਾਂ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ, ਪੰਜਾਬ*

# ਦਾਨ ਗੁਰਬਤ ਵਧਾਉਂਦਾ ਹੈ ਦਾਨ ਨਾਲ ਗੁਰਬਤ ਘਟਦੀ ਨਹੀਂ

ਸਾਡੇ ਮੁਲਕ ਵਿੱਚ ਗ਼ਰੀਬਾਂ ਦੀ ਗਿਣਤੀ ਹਮੇਸ਼ਾਂ ਹੀ ਜ਼ਿਆਦ ਰਹੀ ਹੈ ਅਤੇ ਅਸਾਂ ਇਹ ਵੀ ਦੇਖਲਿਆ ਹੈ ਕਿ ਜਿਸ ਵੀਘਰ ਵਿੱਚ ਇੱਕ ਵਾਰੀਂ ਗੁਰਬਤ ਆਣ ਵੜੀ ਹੈ ਫਿਰ ਉਹ ਘਰ ਤਾਂ ਹਮੇਸ਼ਾਂ ਲਈ ਗਰੀਬ ਹੀ ਰਹਿ ਜਾਂਦਾ ਹੈ ਅਤੇ ਇਹ ਵੀ ਅਸਾਂ ਦੇਖ ਲਿਆ ਹੈ ਕਿ ਉਸ ਘਰ ਦੀਆਂ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਹੋਕੇ ਰਹਿ ਜਾਂਦੀਆਂ ਹਨ ਅਤੇ ਇਹ ਸਿਧਾਂਤ ਹੀ ਇਸ ਮੁਲਕ ਵਿੱਚ ਚਲਦਾ ਆ ਰਿਹਾ ਹੈ ਅਤੇਪਿਛਲੀ ਪੌਣੀ ਸਦੀ ਦੀ ਆਜ਼ਾਦੀ ਅਤੇ ਇਹ ਵਾਲਾ ਪਰਜਾਤੰਤਰ ਲੋਕਾਂ ਅਰਥਾਤ ਗ਼ਰੀਬਾਂ ਦਾ ਕੁਝ ਵੀ ਨਾਂ ਸੰਵਾਰ ਸਕੇ ਅਤੇ ਅੱਜ ਜਿਹੜੀਆਂ ਗਿਣਤੀਆਂ ਮਿਣਤੀਆਂ ਸਾਡੇ ਸਾਹਮਣੇ ਆਈਆਂ ਹਨ ਇਹ ਦਰਸਾ ਰਹੀਆਂ ਹਨ ਕਿ ਮੁਲਕ ਦੀ ਤਿੰਨਚੌਥਾਈ ਜੰਤਾ ਗਰੀਬ ਹੋਕੇ ਰਹਿ ਗਈ ਹੈ। ਅਤੇ ਇਹ ਗੁਰਬਤ ਇਹ ਵੀ ਦਰਸਾ ਰਹੀ ਹੈ ਕਿ ਇਹ ਲੋਕੀਂ ਮਸਾਂ ਦੋ ਵਕਤਾਂ ਦੀ ਰੋਟੀ ਹੀ ਕਮਾ ਸਕਦੇ ਹਨ ਅਤੇ ਇਹ ਦੋਵਕਤਾਂ ਦੀ ਰੋਟੀ ਵੀ ਕੈਸੀ ਹੈ ਇਹ ਬਿਆਨ ਨਹੀਂ ਕੀਤੀ ਜਾ ਸਕਦੀ ਅਤੇਵਕਤ ਦੀ ਸਰਕਾਰ ਨੂੰ ਇੰਨ੍ਹ ਦੀ ਸੰਭਾਲ ਕਰਨੀ ਪੈਂਦੀ ਹੈ। ਇਹ ਕੋਰੋਨਾਂ ਬਿਮਾਰੀ ਆਈ ਤਾਂ ਸਰਕਾਰ ਨੂੰ ਇਸ ਮੁਲਕ ਦੀ ਤਿੰਨ ਚੌਥਾਈ ਜੰਤਾ ਨੂੰ ਮੁਫਤ ਅਨਾਜ ਦੇਣਾ ਪਿਆ ਹੈ।

ਸਾਡੇ ਮੁਲਕ ਵਿੱਚ ਦਾਨ ਪ੍ਰਥਾ ਕੋਈ ਅੱਜ ਦੀ ਨਹੀਂ ਹੈ ਬਲਕਿ ਸਾਡੇ ਮਿਥਿਹਾਸ ਵਿੱਚ ਵੀ ਡੇਰੇ ਸਨ, ਆਸ਼ਰਮ ਸਨ ਅਤੇ ਇਹ ਲੋਕਾਂ ਦੇ ਜਾ ਬੂਹੇ ਖੜਕਾਉਂਦੇ ਸਨ ਅਤੇ ਇਹ ਵੀਰਿਵਾਜ ਸੀ ਕਿ ਭਿਾਰੀ ਨੂੰ ਖਾਲੀ ਵਾਪਸ ਨਹੀਂ ਮੋੜਨਾ। ਇਹ ਆਸ਼ਰਮਾਂ ਤੋਂ ਆਏ ਆਦਮੀ ਰਿਸ਼ੀ ਮੁਨੀ ਤਕ ਗਰਦਾਨੇ ਗਏ ਸਨ ਅਤੇ ਰਾਜਿਆਂ



ਤਕ ਇੰਨ੍ਹਾਂ ਦੀ ਰਾਜਿਆਂ ਤਕ ਵੀ ਪਹੁੰਚ ਬਣੀ ਪਈ ਸੀਅਤੇ ਇਹ ਰਾਜੇ ਵੀ ਅਸ਼ੀਰਵਾਦ ਲੈਣਾ ਚਾਹ ਰਹੇ ਸਨ।

ਅੱਜ ਸਾਡੇ ਮੁਲਕ ਵਿੱਚ ਭਿਖਾਰੀਆਂ ਦੀ ਗਿਣਤੀ ਵਾਧੂ ਹੈ ਅਤੇ ਅਸੀਂ ਭਿਖਾਰੀਆਂ ਕਰਕੇ ਦੁਨੀਆ ਭਰ ਵਿੱਚ ਮਸ਼ਹੂਰ ਹੋ ਗਏ ਹਾਂ। ਕੋਈ ਵੀ ਐਸਾ ਘਰ ਨਹੀਂ ਹੈ ਜਿਸਦਾ ਦਰਵਾਜ਼ਾ ਕੋਇ. ਮੰਗਤਾ ਨਾ ਖੜਕਾ ਰਿਹਾ ਹੋਵੇ। ਕਈ ਐਸੇ ਅਸਥਾਨ ਖੜੇ ਕਰ ਦਿੱਤੇ ਗਏ ਹਨ ਜਿਥੇ ਸਾਨੂੰ ਆਪ ਜਾਕੇ ਦਾਨ ਦੇਣਾ ਪੈ ਰਿਹਾ ਹੈ। ਇਸਤੋਂ ਇਲਾਵਾ ਕਿਤਨੇ ਹੀ ਸਾਧੂ, ਸੰਤ, ਮਹੰਤ ਬਣੇ ਫਿਰਦੇ ਹਨ ਅਤੇ ਅਸੀਂ ਬੁਲਾਕੇ ਦਾਨ ਦੇਣ ਲਈ ਮਜਬੂਰ ਹੋ ਗਏ ਹਾਂ। ਸਾਡੀ ਬਹੁਤੀ ਜੰਤਾ ਗਰੀਬ ਹੈ ਪਰ ਇਹ ਵਿਹਲੜਾਂ ਦਾ ਜ਼ਿਆਦਾ ਖਰਚਾ ਇੰਨ੍ਹਾਂ ਗਰੀਬਾ ਸਿਰ ਜ਼ਿਆਦ ਪੈਰਿਹਾ ਹੈ।

ਸਾਡੇ ਮੁਲਕ ਵਿੱਚ ਇਕ ਆਦਮੀ ਕਮਾਉਂਦਾ ਹੈ ਅਤੇ ਚਾਰ ਪੰਜ ੀਆਂ ਦੀ ਪਾਲਣਾ ਕਰਦਾ ਹੈ। ਕਈ ਘਰ ਦੇ ਮੈਂਬਰ ਕਮਾ ਸਕਦੇ ਹਨ, ਪਰ ਕੰਮ ਨਹੀਂ ਮਿਲਦਾ ਹੈ। ਇਹ ਵਿਹਲੜਾਂ ਦਾ ਬੋਝ ਵੀ ਘਰ ਉਤੇ ਪੈ ਰਿਹਾ ਹੈ ਅਤੇ ਇਸ ਤਰ੍ਹਾਂ ਇਸ ਮੁਲਕ ਦੇ ਗਰੀਬ ਲੋਕਾਂ ਦੀ ਗਿਣਤੀਵੀ ਵਧ ਰਹੀ ਹੈ ਅਤੇਜਿਹੜੇ ਗਰੀਬ ਹਨ ਉਹ ਇਹ ਮਹਿਸੂਸ ਵੀ ਕਰ ਰਹੇ ਹਨ ਕਿ ਉਨ੍ਹਾਂ ਦੇ ਘਰ ਦੀ ਗੁਰਬਤ ਅਗੇ ਨਾਲੋਂ ਜ਼ਿਆਦਾ ਹੋਰਹੀ ਹੈ ਕਿਉਂਕਿ ਲੋੜਾਂ ਵੀ ਵਧਧ ਗਈਆਂ ਹਨ ਅਤੇ ਮਹਿੰਗਾਈ ਵੀ ਵਧ ਰਹੀ ਹੈ।

ਸਾਡੀ ਸਰਕਾਰ ਨੇ ਬਾਕਾਇਦਾ ਮੰਗਤਿਆਂ ਖਿਲਾਫ ਕਾਨੂੰਟ ਬਣਾ ਰਖਿਆ ਹੈ ਪਰ ਪਾਲਣਾਹ ਨਹੀਂ ਕੀਤੀਜਾ ਸਕਦੀ ਅਤੇ ਕਈ ਲੋਕਾਂ ਨੇ ਧਾਰਮਿਕ ਇਕਾਈਆਂ ਸਥਾਪਿਤ ਕਰ ਲਿਤੀਆਂ ਹਨ ਅਤੇਲੋਕ ਆਪ ਜਾਕੇਦਾਨਦੇਰਹੇ ਹਨ ਅਤੇ ਇਸ ਤਰ੍ਹਾਂ ਇਹ ਚਿਟਕਪੜੀਆਂ ਦੀ ਗਿਣਤੀ ਬਹੁਤ ਹੀ ਵਧ ਗਈ ਹੈ। ਅਗਰ ਹਰ ਯੋਗ ਆਦਮੀ ਕੰਮ ਕਰੇ ਅਤੇ ਵਾਜਬ ਕਮਾਈ ਕਰਕੇ ਘਰ ਲਿਆਵੇ ਤਾਂ ਗੁਰਬਤ ਆਪ ਹੀ ਉਡ ਪੁਡ ਸਕਦੀ ਹੈ। ਪਰ ਲਗਦਾ ਹੈਸਾਡੀਆਂ ਸਰਕਾਰਾਂ ਨੇ ਕਦੀ ਵੀ ਇੰਨ੍ਹਾਂ ਵਿਹਲੜਾਂ ਬਾਰੇ ਸੋਚਿਆ ਹੀ ਨਹੀਂਹੈਅਤੇ ਮੁਲਕ ਵਿੱਚ ਕੰਮਾ ਉਤੇ ਲਗੇ ਲੋਕਾਂ ਦੀ ਗਿਣਤੀ ਘਟ ਹੈ ਅਤੇ ਵਿਹੜਾਂ ਦੀ ਗਿਣਤੀ ਬਹੁਤ ਹੀ ਜ਼ਿਆਦਾ ਹੈ। ਇਸ ਪਾਸੇ ਅਗਰ ਧਿਆਨ ਦਿੱਤਾ ਜਾਵੇ ਤਾਂ ਹਲ ਵੀ ਲਭਿਆ ਜਾ ਸਕਦਾ ਹੈ।

ਅਜ ਤਾਂ ਸਾਡੀਆਂ ਸਰਕਜਾਰਾਂ ਵੀ ਗਰੀਬਾ ਨੂੰ ਜਿਉਂਦਾ ਰਖਣ ਲਈ ਮੁਫਤ ਅਨਾਜ ਤਕ ਦੇ ਰਹੀਆਂਹਲਅਤੇ ਇਹ ਤਰੀਕੇ ਹੀ ਅਪਲਾਕੇ ਵਕਤ ਅੰਘਾਈ ਜਾਂਦੀਆਂ ਹਲ। ਅਗਰ ਦਾਨ ਦੇਣ ਦੀ ਬਜਾਏਇਹ ਵਾਲਾ ਤਰੀਕਾ ਅਪਨ-ਾਇਆ ਜਾਵੇ ਕਿ ਮੰਗਤਾ ਜਦ ਮਛੀ ਮੰਗਦਾ ਹੈ ਤਾਂ ਉਸਨੂੰ ਮਛੀ ਦਾਨ ਵਜੋਂ ਨਾਦਿੱਤੀ ਜਾਵੇ ਬਲਕਿ ਮੰਗਤੇ ਨੂੰ ਆਪਣੇ ਨਾਲ ਲਿਜਾਕੇ ਦਰਿਆ ਕਿਨ-ਾਰੇ ਕੁੰਡੀਲਗਾਕੇ ਜਾਂ ਜਾਲ ਸਿਟਕੇ ਮਤੀ ਪਕੜਲੀ ਸਿਖਾਈ ਜਾਵੇਤਾਂਕਿ ਉਹ ਆਪ ਵੀ ਖਾ ਸਕੇ ਅਤੇ ਘਰ ਦੇ ਬਕੀ ਜੀਆਂ ਤਕ ਵੀ ਮਛੀਪੁਜਦੀ ਕਰ ਸਕੇ। ਇਹ ਤਰੀਕਾ ਸਮਝਾਉਣ ਦਾ ਅਜ ਤਕ ਕਿਸੇ ਨੇ ਯਤਨ ਕੀਤਾ ਨਹੀਂ ਪਿਆ ਲਗਦਾ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ।*
*ਫੋਨ- 0175 5191856*

ਟੀ ਐੱਨ ਨੈਨਾਨ

# ਲੜੇ ਕੋਈ, ਭਰੇ ਕੋਈ

ਜੰਗਾਂ ਦੀ ਕੀਮਤ ਤਾਰਨੀ ਪੈਂਦੀ ਹੈ। ਯੂਕਰੇਨ ਵਿੱਚ ਹੋ ਰਹੀ ਜੰਗ ਨੂੰ ਤੀਜਾ ਮਹੀਨ ਚੱਲ ਪਿਆ ਹੈ ਅਤੇ ਇੱਕ ਤੋਂ ਬਾਅਦ ਇੱਕ ਦੇਸ਼ ਨੂੰ ਇਸ ਦੀ ਕੀਮਤ ਤਾਰਨੀ ਪੈ ਰਹੀ ਹੈ। ਰੂਸ ਨੂੰ ਆਪਣੇ ਗੁਆਂਢੀ ਮੁਲਕ ਦੀ ਇਲਾਕਾਈ ਅਖੰਡਤਾ ਭੰਗ ਕਰਨ ਬਦਲੇ ਸਜ਼ਾ ਦੇਣ ਦੀ ਚਾਹਤ ਦੇ ਉਦੇਸ਼ ਪਿੱਛੇ ਬਿਨਾਂ ਸ਼ੱਕ ਉੱਚਾ ਸਿਧਾਂਤ ਕੰਮ ਕਰਦਾ ਹੈ ਤੇ ਪੱਛਮੀ ਤਾਕਤਾਂ ਨੇ ਵਿਕਰੇਤਾ, ਹਮਲਾਵਰ ਦੇਸ਼ ਉਪਰ ਸਖਤ ਪਾਬੰਦੀਆਂ ਲਾਈਆਂ ਹਨ, ਪਰ ਹਰ ਵਿਕਰੇਤਾ ਦਾ ਕੋਈ ਖਰੀਦਦਾਰ ਹੁੰਦਾ ਹੈ ਅਤੇ ਖਰੀਦਦਾਰ ਉੱਤੇ ਪਾਬੰਦੀਆਂ ਦਾ ਅਸਰ ਦਿਸਣ ਲੱਗ ਪਿਆ ਹੈ। ਇਸ ਤੋਂ ਪਹਿਲਾਂ ਕਿ ਵਲਾਦੀਮੀਰ ਪੁਤਿਨ ਨੂੰ ਝੁਕਣ ਲਈ ਮਜਬੂਰ ਕੀਤਾ ਜਾਵੇ, ਭਾਰਤ ਸਣੇ ਦੁਨੀਆ ਭਰ ਦੇ ਮੁਲਕਾਂ ਵਿੱਚ ਵਿਆਪਕ ਆਰਥਿਕ ਉਥਲ ਪੁਥਲ ਦਾ ਸਾਮਾਨ ਤਿਆਰ ਹੋ ਗਿਆ ਹੈ ਤੇ ਸੰਭਵ ਹੈ ਕਿ ਸਿਆਸੀ ਉਥਲ-ਪੁਥਲ ਵੀ ਹੋ ਜਾਵੇ।

ਦੋ ਹਫਤੇ ਪਹਿਲਾਂ ਸ੍ਰੀਲੰਕਾ ਆਪਣੇ ਕਰਜ਼ੇ ਦੀਆਂ ਕੌਮਾਂਤਰੀ ਦੇਣਦਾਰੀਆਂ ਅਦਾ ਕਰਨ ਵਿੱਚ ਨਾਕਾਮ ਹੋ ਗਿਆ ਸੀ ਅਤੇ ਇਸ ਵਿੱਚ ਊਰਜਾ ਦੀਆਂ ਵਧੀਆਂ ਲਾਗਤਾਂ ਤੇ ਇਸ ਦੇ ਸਿੱਟੇ ਵਜੋਂ ਖਾਦਾਂ ਦੀਆਂ ਕੀਮਤਾਂ ਵਿੱਚ ਤਿੱਖੇ ਵਾਧੇ ਦਾ ਵੀ ਹੱਥ ਗਿਣਿਆ ਜਾਂਦਾ ਹੈ। ਪਾਕਿਸਤਾਨ ਵੀ ਇਸ ਦਾ ਸ਼ਿਕਾਰ ਬਣਿਆ ਹੈ, ਜਿੱਥੇ ਸਰਕਾਰ ਵਿਦੇਸ਼ੀ ਕਰੰਸੀ ਦੇ ਸੰਕਟ ਦੀ ਭੇਟ ਚੜ੍ਹ ਗਈ। ਭਾਰਤ ਵਿੱਚ ਜਿੰਨੀ ਤਰ੍ਹਾਂ ਦੀ ਊਰਜਾ ਦੀ ਵਰਤੋਂ ਹੁੰਦੀ ਹੈ, ਉਸ ਵਿੱਚ ਤੇਲ ਦਾ ਹਿੱਸਾ 28 ਫੀਸਦੀ ਤੇ ਗੈਸ ਦਾ ਹਿੱਸਾ ਸੱਤ ਫੀਸਦੀ ਹੈ ਤੇ 2030 ਤੱਕ ਗੈਸ ਦਾ ਹਿੱਸਾ ਵਧ ਕੇ ਦੁੱਗਣਾ ਕਰਨ ਦੀ ਯੋਜਨਾ ਹੈ। ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਦੁੱਗਣਾ ਵਾਧਾ ਹੋ ਗਿਆ ਹੈ, ਜਦ ਕਿ ਗੈਸ ਦੇ ਦੇਰ ਨਾਲ ਕੀਤੇ ਸਮਝੌਤਿਆਂ ਦੀਆਂ ਦਰਾਂ ਵਿੱਚ 75 ਫੀਸਦੀ ਉਛਾਲ ਦੇਖਣ ਨੂੰ ਮਿਲ ਰਿਹਾ ਹੈ, ਜਿਸ ਕਰ ਕੇ ਇਹ ਯੋਜਨਾ ਨਵੇਂ ਸਿਰਿਓਂ ਤਿਆਰ ਕਰਨ ਦੀ ਲੋੜ ਹੈ। ਗੈਸ ਦੀਆਂ ਚਲੰਤ ਕੀਮਤਾਂ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਜੇ ਸਰਕਾਰ ਸਬਸਿਡੀ ਦੇਣ ਲਈ ਤਿਆਰ ਨਹੀਂ ਹੁੰਦੀ ਤਾਂ ਗੈਸ ਦੀਆਂ ਵਧੀਆਂ ਕੀਮਤਾਂ ਦਾ ਸੇਕ ਆਟੋ ਤੇ ਟੈਕਸੀ ਚਾਲਕਾਂ ਅਤੇ ਰਸੋਈ ਗੈਸ, ਬਿਜਲੀ ਤੇ ਖਾਦਾਂ ਦੀ ਵਰਤੋਂ ਕਰਨ ਵਾਲੇ ਸਾਰੇ ਵਰਗਾਂ ਨੰ ਝੱਲਣਾ ਪੈਣਾ ਹੈ।

ਯੂਰਪ ਵੀ ਇਸ ਦੀਆਂ ਲਾਟਾਂ ਦੀ ਮਾਰ ਹੇਠ ਆ ਗਿਆ ਹੈ। ਰੂਸ ਜਰਮਨੀ ਦਾ ਸਭ ਤੋਂ ਵੱਡਾ ਊਰਜਾ ਸਪਲਾਇਰ ਹੈ ਤੇ ਪਹਿਲਾਂ ਰੂਸੀ ਤੇਲ ਤੇ ਫਿਰ ਗੈਸ ਦੀ ਸਪਲਾਈ ਬੰਦ ਕਰਨ ਨਾਲ ਜਰਮਨੀ ਦੇ ਅਰਥਚਾਰੇ ਵਿੱਚ ਉਥਲ-ਪੁਥਲ ਦੇ ਆਸਾਰ ਹਨ, ਇਹ ਵੀ ਠੀਕ ਉਵੇਂ ਮੰਦੀ ਦੀ ਜ਼ੱਦ ਵਿੱਚ ਆ ਸਕਦਾ ਹੈ ਜਿਵੇਂ ਰੂਸ ਦੇ ਹਾਲਾਤ ਹਨ। ਮੰਦੀ ਇਸ ਗੱਲ ਉਤੇ ਨਿਰਭਰ ਕਰੇਗੀ ਕਿ ਉਹ ਇਸ ਨਾਲ ਕਿੰਨੇ ਕੁ ਮੰਦੇ ਜਾਂ ਚੰਗੇ ਢੰਗ ਨਾਲ ਸਿੱਝਦਾ ਹੈ। ਬ੍ਰਿਟੇਨ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਪੰਜਾਹ ਫੀਸਦੀ ਤੋਂ ਵੱਡਾ ਵਾਧਾ ਕਰ ਦਿੱਤਾ ਗਿਆ ਹੈ, ਬੋਰਿਸ ਜੌਹਨਸਨ ਸ਼ਾਇਦ 'ਪਾਰਟੀਗੇਟ' ਸਕੈਂਡਲ ਤੋਂ ਬਚ ਜਾਵੇ, ਪਰ ਕੀ ਉਹ ਗੈਸ ਦੀਆਂ ਵਧੀਆਂ ਕੀਮਤਾਂ ਦੀ ਮਾਰ ਤੋਂ ਬਚ ਸਕੇਗਾ? ਅਮਰੀਕਾ ਦੀ ਨਿਰਭਰਤਾ ਯੂਰਪ ਜਿੰਨੀ ਨਹੀਂ, ਤਾਂ ਵੀ ਉਥੇ ਇੱਕ ਮਹੀਨੇ ਅੰਦਰ ਪੈਟਰੋਲ ਦੀਆਂ ਕੀਮਤਾਂ ਵਿੱਚ ਸੱਠ ਫੀਸਦੀ ਵਾਧਾ ਹੋ ਚੁੱਕਾ ਹੈ ਤੇ ਇਹ ਵਧ ਕੇ ਚਾਰ ਡਾਲਰ ਫੀ ਗੈਲਨ ਹੋ ਚੁੱਕੀਆਂ ਹਨ। ਅਮਰੀਕੀ ਕਾਰੋਬਾਰਾਂ ਉੱਤੇ ਵੀ ਬਹੁਤ ਜ਼ਿਆਦਾ ਮਾਰ ਪੈ ਰਹੀ ਹੈ। ਨੈੱਟਫਲਿਕਸ ਨੂੰ ਆਪਣਾ ਰੂਸੀ ਖਾਤਾ ਬੰਦ ਕਰਨਾ ਪੈ ਗਿਆ ਹੈ ਜਿਸ ਕਰ ਕੇ ਇਸ ਦੇ ਸ਼ੇਅਰਾਂ ਦੀਆਂ ਕੀਮਤਾਂ ਬੁਰੀ ਤਰ੍ਹਾਂ ਡਿੱਗੀਆਂ ਹਨ। ਇਸ ਤੋਂ ਇਲਾਵਾ ਰੂਸ ਤੋਂ ਮੂੰਹ ਫੇਰਨ ਵਾਲੀਆਂ ਕਈ ਹੋਰ ਪੱਛਮੀ ਕੰਪਨੀਆਂ ਨੂੰ ਵੀ ਵੱਡੇ ਪੱਧਰ ਉੱਤੇ ਮਾਲੀ ਸੰਕਟਾਂ ਦਾ ਸਾਹਮਣਾ ਕਰਨਾ ਪਵੇਗਾ। ਸ਼ੇਅਰ ਬਾਜ਼ਾਰ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ।

ਜੰਗ ਵਿੱਚ ਸ਼ਾਮਲ ਦੇਸ਼ਾਂ ਨੂੰ ਵੀ ਕੀਮਤ ਤਾਰਨੀ ਪੈਂਦੀ ਹੈ। ਜੇ ਪਾਬੰਦੀਆਂ ਦਾ ਦੌਰ ਲੰਮਾ ਚੱਲ ਗਿਆ ਤਾਂ ਰੂਸ ਦਾ ਅਰਥਚਾਰਾ ਸ਼ਾਇਦ ਮੁੜ ਨਾ ਸੰਭਲ ਸਕੇ। ਜੇ ਸਮਾਂ ਪਾ ਕੇ ਪਾਬੰਦੀਆਂ ਚੁੱਕ ਵੀ ਲਈਆਂ ਤਾਂ ਉਸ ਦਾ ਕਾਰੋਬਾਰ ਪਹਿਲਾਂ ਵਾਲੀ ਹਾਲਤ ਵਿੱਚ ਵਾਪਸ ਆ ਸਕੇਗਾ? ਯੂਕਰੇਨ ਦਾ ਕੀ ਹਾਲ ਹੋਵੇਗਾ? ਸੰਸਾਰ ਬੈਂਕ ਦਾ ਕਹਿਣਾ ਹੈ ਕਿ ਜੇ ਘੁੱਟ ਕੇ ਅਨੁਮਾਨ ਲਾਇਆ ਜਾਵੇ ਤਾਂ ਵੀ ਜੰਗ ਤੋਂ ਪਹਿਲਾਂ 180 ਅਰਬ ਡਾਲਰ ਦੀ ਕੁੱਲ ਘਰੇਲੂ ਪੈਦਾਵਰ ਵਾਲਾ ਇਹ ਦੇਸ਼ ਸੱਠ ਅਰਬ ਡਾਲਰ ਦੀ ਕੀਮਤ ਤਾਰ ਚੁੱਕਾ ਹੈ। ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਦਾ ਅਨੁਮਾਨ ਹੈ ਕਿ ਚਲੋ ਮੰਨ ਲੈਂਦੇ ਹਾਂ ਕਿ ਕੀਵ ਇਸ ਦੀ ਭਰਪਾਈ ਕਰ ਦੇਵੇਗਾ, ਪਰ ਮੌਕੇ ਉਤੇ ਅਦਾਇਗੀ ਕੌਣ ਕਰੇਗਾ? ਕੀ ਮਹਿੰਗਾਈ ਅਤੇ ਆਰਥਿਕ ਖੜੋਤ ਦੋਵਾਂ ਦਾ ਸਾਹਮਣਾ ਕਰ ਰਹੇ ਯੂਰਪ ਤੇ ਅਮਰੀਕਾ ਆਪੋ-ਆਪਣੇ ਪਰਸ ਖੋਲ੍ਹਣਗੇ ਤੇ ਕੀ ਉਨ੍ਹਾਂ ਦੇ ਟੈਕਸ ਦਾਤੇ ਇਸ ਦੀ ਇਜਾਜ਼ਤ ਦੇਣਗੇ? ਤੇ 2022 ਦੇ ਆਰਥਿਕ ਵਿਕਾਸ ਬਾਰੇ ਆਈ ਐੱਮ ਐੱਫ ਦੇ ਵੱਡੀਆਂ ਆਸਵੰਦ ਕਿਆਸਾਂ ਦਾ ਕੀ ਬਣੇਗਾ? ਕੀ ਇੱਕ ਵਾਰ ਫਿਰ ਹਕੀਕਤ ਤੇ ਆਸ ਦੀ ਜਿੱਤ ਹੋ ਸਕੇਗੀ?

ਤਰ੍ਹਾਂ ਤਰ੍ਹਾਂ ਦੇ ਸਿਆਸੀ ਅਸਰਾਂ ਨੂੰ ਕੂੜੇਦਾਨ ਵਿੱਚ ਸੁੱਟ ਦਿਓ। ਫਰਾਂਸ ਵਿਚ ਭਾਵੇਂ ਪਿਛਲੇ ਐਤਵਾਰ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਇਮੈਨੁਅਲ ਮੈਕਰੋਂ ਆਪਣੀ ਵਿਰੋਧੀ ਉਮੀਦਵਾਰ ਮਰੀਨ ਲੀ ਪੇਨ (ਜਿਸ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਮਹਿੰਗਾਈ ਦਰ ਵਿਰੋਧੀ ਪੈਂਤੜੇ ਤੇ ਖੜ੍ਹੀ ਕੀਤੀ ਸੀ) ਨੂੰ ਹਰਾਉਣ ਵਿੱਚ ਕਾਮਯਾਬ ਹੋ ਗਏ ਹਨ, ਪਰ ਜਿਵੇਂ ਲੀ ਪੇਨ ਦਾ ਉਭਾਰ ਹੋਇਆ ਹੈ, ਯੂਰਪ ਨੂੰ ਸੋਚਣਾ ਪਵੇਗਾ ਕਿ ਪੰਜ ਸਾਲਾਂ ਬਾਅਦ ਪੈਰਿਸ ਦੀ ਸੱਤਾ ਉੱਤੇ ਉਸ ਵਰਗਾ ਕੋਈ ਯੂਰੋ-ਵਿਰੋਧੀ ਆਗੂ ਨਾ ਬੈਠ ਜਾਵੇ। ਨਵੰਬਰ ਮਹੀਨੇ ਅਮਰੀਕਾ ਵਿੱਚ ਹੋਣ ਵਾਲੀਆਂ ਪਾਰਲੀਮਾਨੀ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਨੂੰ ਵੱਡਾ ਖੋਰਾ ਲੱਗ ਸਕਦਾ ਹੈ ਅਤੇ ਹੋਰ ਦੋ ਸਾਲਾਂ ਬਾਅਦ ਡੋਨਾਲਡ ਟਰੰਪ ਦੀ ਵਾਪਸੀ ਵੀ ਹੋ ਸਕਦੀ ਹੈ। ਜੇ ਚਲੰਤ ਉਥਲ-ਪੁਥਲ ਕਰ ਕੇ ਪੱਛਮੀ ਖੇਮੇ ਦੇ ਪ੍ਰਮੁੱਖ ਦੇਸ਼ਾਂ ਵਿੱਚ ਰਾਸ਼ਟਰਵਾਦੀਆਂ (ਨਸਲਪ੍ਰਸਤਾਂ ਨੂੰ ਨਾ ਸਹੀ) ਨੂੰ ਇਵੇਂ ਹੀ ਹੁਲਾਰਾ ਮਿਲਦਾ ਰਿਹਾ ਤਾਂ ਵੱਡੇ ਸਿਆਸੀ ਭੂਚਾਲ ਦਾ ਮਸਲਾ ਤਿਆਰ ਹੋ ਜਾਵੇਗਾ।

ਆਖਰੀ ਗੱਲ ਇਹ ਕਿ ਜਲਵਾਯੂ ਤਬਦੀਲੀ ਨੂੰ ਨੱਥ ਪਾਉਣ ਲਈ ਸੰਸਾਰ ਕਾਰਜ ਯੋਜਨਾ ਤੇ ਜੰਗ ਦੇ ਪੈਣ ਵਾਲੇ ਅਸਰ ਧਿਆਨ ਮੰਗਦੇ ਹਨ। ਇੱਕ ਤੋਂ ਬਾਅਦ ਦੂਜਾ ਦੇਸ਼ ਕੋਲੇ ਨੂੰ ਮੁੜ ਊਰਜਾ ਬਦਲ ਦੇ ਤੌਰ ਉੱਤੇਪ੍ਰਵਾਨ ਕਰ ਰਿਹਾ ਹੈ ਤੇ ਅਮਰੀਕਾ ਵਿੱਚੇ ਜੋਅ ਬਾਇਡੇਨ ਨੇ ਪੁੱਠਾ ਗੀਅਰ ਫੜ ਲਿਆ ਅਤੇ ਤੇਲ ਤੇ ਗੈਸ ਦੀ ਤਲਾਸ਼ ਲਈ ਨਵੇਂ ਸਿਰਿਓਂ ਜ਼ਮੀਨ ਦੀ ਲੀਜ਼ ਦੀ ਖੁੱਲ੍ਹ ਦੇ ਦਿੱਤੀ ਹੈ। ਸਾਰੇ ਪੱਖਾਂ ਤੇ ਸੋਚ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਜੇ ਰੂਸ ਨੂੰ ਪੂਰਬੀ ਯੂਰਪ ਵਿੱਚ ਬਫ਼ਰ ਜ਼ੋਨ ਕਾਇਮ ਕਰਨ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਤਾਂ ਸ਼ਾਇਦ ਇੰਨੇ ਨੁਕਸਾਨ ਤੋਂ ਬਚਾਅ ਹੋ ਜਾਂਦਾ, ਇੰਨਾ ਖੂਨ ਨਾ ਡੁੱਲ੍ਹਦਾ ਅਤੇ ਸ਼ਰਨਾਰਥੀਆਂ ਦੀ ਇੰਨੀ ਵੱਡੀ ਸਮੱਸਿਆ ਨਾ ਬਣਦੀ। ਜੇ ਮਾਮਲਾ ਇਵੇਂ ਹੈ ਤਾਂ ਕੀ ਇਹ (ਜੰਗ) ਇਤਿਹਾਸ ਵਿੱਚ ਬਾਇਡੇਨ ਦੀ ਵਿਦੇਸ਼ ਨੀਤੀ ਦਦੀ ਇੱਕ ਹੋਰ ਬੱਜਰ ਭੁੱਲ ਵਜੋਂ ਦਰਜ ਹੋ ਜਾਵੇਗੀ।



# ਫਾਰਚੂਨਰ ਗੱਡੀ ਨਹਿਰ ਵਿੱਚ ਡਿੱਗਣ ਨਾਲ 5 ਮੌਤਾਂ



ਡੇਹਲੋਂ, 27 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਰਾਤ ਜਗੇੜਾ ਨਹਿਰ ਪੁਲ ਨੇੜੇ ਸਰਹਿੰਦ-ਬਠਿੰਡਾ ਬਰਾਂਚ ਨਹਿਰ ਵਿੱਚ ਇੱਕ ਫਾਰਚੂਨਰ ਗੱਡੀ ਦੇ ਨਹਿਰ ਵਿੱਚ ਡਿੱਗਣ ਨਾਲ ਗੱਡੀ ਵਿੱਚ ਸਵਾਰ ਪੰਜ ਨੌਜਵਾਨਾਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਕਸਬਾ ਡੇਹਲੋਂ ਤੋਂ ਲਾਗਲੇ ਪਿੰਡ ਨੰਗਲ ਦਾ ਵਸਨੀਕ ਕੈਨੇਡਾ ਵਾਸੀ ਜਤਿੰਦਰ ਸਿੰਘ ਹੈਪੀ ਕੁਝ ਦਿਨ ਪਹਿਲਾਂ ਵਾਪਸ ਪਿੰਡ ਆਇਆ ਸੀ ਅਤੇ ਕੱਲ੍ਹ ਆਪਣੇ ਇੱਕ ਰਿਸ਼ਤੇਦਾਰ ਸਮੇਤ ਪੰਜ ਹੋਰ ਦੋਸਤਾਂ ਨਾਲ ਫਾਰਚੂਨਰ ਕਾਰ ਵਿੱਚ ਮਲੌਦ ਲਾਗਲੇ ਪਿੰਡ ਬੇਰ ਵਿਖੇ ਕਿਸੇ ਜਾਣਕਾਰ ਦੇ ਘਰ ਅਫ਼ਸੋਸ ਕਰਨ ਗਏ ਸਨ। ਉਹ ਆਪਣੀ ਕਾਰ ਵਿੱਚ ਰਾਤ ਕਰੀਬ 10 ਵਜੇ ਤੋਂ ਬਾਅਦ ਵਾਪਸ ਪਿੰਡ ਨੰਗਲ ਵੱਲ ਆ ਰਹੇ ਸਨ। ਜਦੋਂ ਉਹ ਜਗੇੜਾ ਪੁਲ ਤੋਂ ਪਿੱਛੇ ਅਹਿਮਦਗੜ੍ਹ-ਖੰਨਾ ਨਹਿਰ ਵਾਲੀ ਸੜਕ ਉੱਤੇ ਚੜ੍ਹੇ ਤਾਂ ਫਾਰਚੂਨਰ ਅਚਨਚੇਤ ਨਹਿਰ ਵਿੱਚ ਪਲਟ ਗਈ। ਗੱਡੀ ਵਿੱਚ ਸਵਾਰ ਇੱਕ ਜਣਾ ਸੰਦੀਪ ਸਿੰਘ ਬਚ ਗਿਆ। ਮ੍ਰਿਤਕਾਂ ਦੀ ਪਛਾਣ ਜਤਿੰਦਰ ਸਿੰਘ ਹੈਪੀ ਨੰਗਲ (49) ਵਾਸੀ ਕੈਨੇਡਾ, ਜਗਤਾਰ ਸਿੰਘ ਰਾਜਾ (52 ਸਾਲ) ਪਿੰਡ ਨੰਗਲ, ਜਗਦੀਪ ਸਿੰਘ ਜੈਫੀ (26) ਪਿੰਡ ਰੁੜਕਾ, ਕੁਲਦੀਪ ਸਿੰਘ (46) ਵਾਸੀ ਲਹਿਲ ਅਤੇ ਜਗਦੀਪ ਸਿੰਘ ਜੱਗਾ (40) ਗੋਪਾਲਪੁਰ ਵਜੋਂ ਹੋਈ ਹੈ।

# ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ

ਐਸ ਏ ਐਸ ਨਗਰ (ਮੋਹਾਲੀ), 27 ਅਪ੍ਰੈਲ (ਪੋਸਟ ਬਿਊਰੋ)- ਵਿਵਾਦਤ ਕੋਠੀ ਦੀ ਖਰੀਦ ਵਾਲੇ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਨਾਮਜ਼ਦ ਇਸ ਰਾਜ ਦੀ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਮੋਹਾਲੀ ਅਦਾਲਤ ਨੇ ਕੱਲ੍ਹ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

ਇਸ ਬਾਰੇ ਸਰਕਾਰੀ ਵਕੀਲ ਤੇ ਬਚਾਅ ਪੱਖ ਦੇ ਵਕੀਲਾਂ ਦੀ ਬਹਿਸ ਹੋਈ। ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਸਾਬਕਾ ਡੀ ਜੀ ਪੀ ਨੂੰ ਅਦਾਲਤਾਂ ਵੱਲੋਂ ਵੱਡੀਆਂ ਰਾਹਤਾਂ ਦੇਣ ਦਾ ਗੰਭੀਰ ਨੋਟਿਸ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸਾਰੇ ਕੇਸਾਂ ਨੂੰ ਮੁੜ ਵਾਚਣ ਲਈ ਕਿਹਾ ਸੀ। ਮਿਲੀ ਜਾਣਕਾਰੀ ਅਨੁਸਾਰ ਸੁਮੇਧ ਸੈਣੀ ਨੇ ਗ੍ਰਿਫਤਾਰੀ ਦਾ ਖਦਸ਼ਾ ਪ੍ਰਗਟ ਕਰਦਿਆਂ ਮੋਹਾਲੀ ਅਦਾਲਤ ਵਿੱਚ ਪਿਛਲੇ ਦਿਨੀਂ ਮੁੜ ਕੇ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ



ਸੀ। ਇਸ ਬਾਰੇ ਮੋਹਾਲੀ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ ਐਸ ਰਾਏ ਦੀ ਅਦਾਲਤ ਵਿੱਚ ਸਰਕਾਰੀ ਵਕੀਲ ਨੇ ਸਾਬਕਾ ਡੀ ਜੀ ਪੀ ਦੀ ਜ਼ਮਾਨਤ ਅਰਜ਼ੀ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕੋਠੀ ਦੀ ਖਰੀਦੋ ਦੇ ਕੇਸ ਵਿੱਚ ਸੈਣੀ ਨੇ ਪੁਲਸ ਨੂੰ ਲੋੜੀਂਦੇ ਦਸਤਾਵੇਜ਼ ਪੇਸ਼ ਨਹੀਂ ਕੀਤੇ, ਜਦ ਕਿ ਬਚਾਅ ਪੱਖ ਦੇ ਵਕੀਲਾਂ ਨੇ ਚੰਡੀਗੜ੍ਹ ਦੀ ਚਰਚਿਤ ਕੋਠੀ ਦੀ ਖਰੀਦ ਸਬੰਧੀ ਕੁਝ ਅਹਿਮ ਦਸਤਾਵੇਜ਼ ਅਦਾਲਤ ਨੂੰ ਸੌਂਪੇ ਸਨ। ਦੋਵਾਂ ਧਿਰਾਂ ਦੀ ਬਹਿਸ ਸੁਣਨ ਪਿੱਛੋਂ ਅਦਾਲਤ ਨੇ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਤਰ੍ਹਾਂ ਕਿਸੇ ਵੀ ਸਮੇਂ ਸੈਣੀ ਦੀ ਗ੍ਰਿਫਤਾਰੀ ਹੋ ਸਕਦੀ ਹੈ।

# ਪੰਜਾਬ ਦੇ ਭਾਸ਼ਾ ਵਿਭਾਗ ਕੋਲ ਹੱਥ-ਲਿਖਤਾਂ ਦਾ ਸਭ ਤੋਂ ਵੱਡਾ ਖਜ਼ਾਨਾ

ਪਟਿਆਲਾ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਭਾਸ਼ਾ ਵਿਭਾਗ ਦੀ ਰੈਫਰੈਂਸ ਲਾਇਬਰੇਰੀ ਵਿੱਚ ਸਦੀਆਂ ਪੁਰਾਣੇ ਸਾਹਿਤ ਦੀਆਂ ਫਾਰਸੀ, ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਇਸਲਾਮ, ਸਿੱਖ, ਹਿੰਦੂ ਅਤੇ ਹੋਰ ਕਈ ਧਰਮਾਂ ਦੀਆਂ ਹੱਥ ਲਿਖਤਾਂ ਪਈਆਂ ਹਨ, ਜਿਨ੍ਹਾਂ ਵਿੱਚ 120 ਦੁਰਲੱਭ ਹੱਥ ਲਿਖਤਾਂ ਸ਼ਾਮਲ ਹਨ।

ਸਰਕਾਰੀ ਸੂਤਰਾਂ ਅਨੁਸਾਰ ਭਾਸ਼ਾ ਵਿਭਾਗ ਕੋਲ ਆਪਣੀ ਲਾਇਬਰੇਰੀ ਵਿੱਚ ਕੁੱਲ 593 ਹੱਥ ਲਿਖਤਾਂ ਹਨ, ਜਿਨ੍ਹਾਂ ਵਿੱਚ ਕਵੀ ਤੁਲਸੀ ਦਾਸ ਦੀਆਂ ਹੱਥ ਲਿਖਤਾਂ ਵਿੱਚੋਂ 'ਪਦ ਰਾਮ-

*** ਏਸ਼ੀਆ ਪੱਧਰ ਉੱਤੇ ਸਭ ਤੋਂ ਵੱਧ ਹੱਥ-ਲਿਖਤਾਂ ਮੌਜੂਦ**

ਾਇਣ'ਅਤੇ 'ਕ੍ਰਿਸ਼ਨ ਚਰਿੱਤਰ', 'ਰਾਮ ਗਯਾ', 'ਸ੍ਰੀ ਰਾਮ ਦੋਹਾਵਲੀ', 'ਕਬਿੱਤ ਰਾਮਾਇਣ', 'ਦੰਡਕ ਰਾਮਾਇਣ' ਆਦਿ ਹਨ। ਇਸ ਦੇ ਨਾਲ 18 ਵਸਾਖ 1885 ਦੀ 'ਪੁਰਾਤਨ ਕਥਾ ਸਤਿਯੁਗ ਕੀ', 1887 ਦੀ 'ਉਦਾਸੀ ਰਾਜੇ ਗੋਪੀ ਚੰਦ ਕੀ', 1885 ਦੀ ਕਵੀ ਦੇਵ ਭਾਨ ਦੀ 'ਕਾਨ੍ਹ ਭਗਵਾਨ ਕੀ ਵਾਰ', 1788 ਬਿਕਰਮੀ ਦੀ 'ਗੋਸਟਿ ਮੱਕੇ ਵ ਮਦੀਨੇ ਕੀ', ਸੋਲ੍ਹਵੀਂ ਸਦੀ ਦੀ ਸ੍ਰੀ ਗੁਰੂ ਨਾਨਕ ਦੇਵ ਜੀ 'ਕੱਕੜ ਵਿਚਾਰ', ਸਤਾਰ੍ਹਵੀਂ ਸਦੀ ਵਿੱਚ ਹੋਏ ਕਵਿ ਰਾਮਾ ਸਯਾਮ ਦੀ ਚਰਿਤ੍ਰੋਖਯਾਨ (ਤ੍ਰਿਯ ਚਰਿੱਤਰ), ਕਵੀ ਮੁਕਬਲ ਦੀ 'ਹੀਰ ਰਾਂਝੇ ਦਾ ਬਿਰਤਾਂਤ', 1873 ਬਿਕਰਮ ਦੀ ਸੱਯਦ ਵਾਰਸ ਸ਼ਾਹ ਦੀ 'ਹੀਰ ਰਾਂਝਾ', ਹਿਜਰੀ ਸੰਨ 1187 ਸਮੇਂ ਦੀ ਕਵੀ ਹਾਮਿਦ ਸ਼ਾਹ ਦੀ 'ਅਖ਼ਬਾਰ-ਉਲ-ਆਖ਼ਰਤ (ਫਾਰਸੀ ਅੱਖਰ) ਵੀ ਇੱਥੇ ਹੱਥ ਲਿਖਤ ਮੌਜੂਦ ਹੈ। ਇਸੇ ਤਰ੍ਹਾਂ ਸਤਾਰ੍ਹਵੀਂ ਸਦੀ ਦੀ ਕਵੀ ਸੂਰਦਾਸ ਦੀ 'ਕ੍ਰਿਸ਼ਨ ਲੀਲ੍ਹਾ' ਦੀ ਹੱਥ ਲਿਖਤ ਹੈ। ਇਸ ਤੋਂ ਇਲਾਵਾ ਇੱਥੇ ਗੁਰੂ ਗੋਬਿੰਦ ਸਿੰਘ ਦੀ ਦਸ ਗ੍ਰੰਥੀ, ਜ਼ਫਰਨਾਮਾ ਨਾਲ ਗੁਰੂ ਗੋਬਿੰਦ ਸਿੰਘ ਸਮੇਤ ਕਈ ਗ੍ਰੰਥ ਹੱਥ ਲਿਖਤਾਂ ਹਨ। ਐਡੀਸ਼ਨਲ ਡਾਇਰੈਕਟਰ ਸਤਨਾਮ ਸਿੰਘ ਦੇਮੁਤਾਬਕ ਭਾਸ਼ਾ ਵਿਭਾਗ ਪੰਜਾਬ ਦੀ ਲਾਇਬਰੇਰੀ ਹੱਥ ਲਿਖਤਾਂ ਪੱਖੋਂ ਏਸ਼ੀਆ ਦੀ ਸਭ ਤੋਂ ਵੱਡੀ ਲਾਇਬਰੇਰੀ ਹੈ।

# ਪਿਛਲੀ ਸਰਕਾਰ ਵੇਲੇ ਰੋਡਵੇਜ਼ ਦੀਆਂ ਨਵੀਆਂ ਬੱਸਾਂ ਦੀ ਹਲਕੀ ਬਾਡੀ ਲਾਉਣ ਦੀ ਜਾਂਚ ਸ਼ੁਰੂ

ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੀ ਕਾਂਗਰਸ ਸਰਕਾਰ ਨੇ ਜੋ ਬੱਸਾਂ ਖਰੀਦੀਆਂ ਸਨ, ਉਨ੍ਹਾਂ ਦੀ ਬਾਡੀ ਹਲਕੀ ਲਾਉਣ ਦੇ ਮਾਮਲੇ ਵਿੱਚ ਟਰਾਂਸਪੋਰਟ ਵਿਭਾਗ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਟਰਾਂਸਪੋਰਟ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਟਰਾਂਸਪੋਰਟ ਮੰਤਰੀ ਬਣੇ ਤਾਂ ਵਿਭਾਗ ਨੇ ਨਵੀਆਂ



ਬੱਸਾਂ ਖਰੀਦੀਆਂ ਸਨ, ਪ੍ਰੰਤੂ ਇਨ੍ਹਾਂ ਦੀ ਬਾਡੀ ਇੰਨੀ ਹਲਕੀ ਲਾਈ ਹੈ ਕਿ ਜ਼ਰਾ ਕੁ ਹਾਦਸਾ ਹੋਣ ਉੱਤੇ ਇਹ ਖਿੱਲਰ ਸਕਦੀਆਂ ਹਨ। ਟਰਾਂਸਪੋਰਟ ਵਿਭਾਗ ਦੇ ਸੂਤਰਾਂ ਮੁਤਾਬਕ ਪਹਿਲਾਂ ਬੱਸਾਂ ਦੀ ਬਾਡੀ ਹਰਿਆਣਾ ਤੋਂ ਲੱਗਦੀ ਸੀ ਅਤੇ ਕਾਫੀ ਮਜ਼ਬੂਤ ਹੁੰਦੀ ਸੀ, ਪਰ ਨਵੀਆਂ ਖਰੀਦੀਆਂ ਬੱਸਾਂ ਦੀ ਬਾਡੀ ਉਤਰ ਪ੍ਰਦੇਸ਼ ਤੋਂ ਲਵਾਈ ਗਈ ਹੈ। ਇਸ ਮਾਮਲੇ ਵਿੱਚ ਵਿਭਾਗ ਨੂੰ ਕਿਸੇ ਨੇ ਲਿਖਤੀ ਤੌਰ ਉੱਤੇ ਸ਼ਿਕਾਇਤ ਭੇਜੀ ਹੈ।ਇਸ ਬਾਰੇ ਟੈਂਡਰਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕਿਸ ਨੂੰ ਟੈਂਡਰ ਦਿੱਤੇ ਸਨ ਅਤੇ ਕਿਸ ਕੰਪਨੀ ਨੇ ਨਵੀਆਂ ਬੱਸਾਂ ਉੱਤੇ ਬਾਡੀ ਲਾਈ ਹੈ। ਟੈਂਡਰਾਂ ਦੀ ਪ੍ਰਕਿਰਿਆ ਕੀ ਸੀ। ਇਸ ਬਾਰੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੁਸ਼ਟੀ ਕੀਤੀ ਹੈ ਕਿ ਵਿਭਾਗ ਦੇ ਕੋਲ ਅਜਿਹੀ ਇੱਕ ਸ਼ਿਕਾਇਤ ਆਈ ਹੈ ਤੇ ਮਾਮਲੇ ਵਿੱਚ ਵਿਭਾਗ ਨੂੰ ਜਾਂਚ ਕਰਨ ਦੇ ਹੁਕਮ ਦਿੱਤੇ ਹਨ।

# ਬਹਿਬਲ ਕਲਾਂ ਗੋਲੀਕਾਂਡ ਦੀ ਅਗਲੀ ਸੁਣਵਾਈ 9 ਮਈ ਨੂੰ

ਕੋਟਕਪੂਰਾ, 27 ਅਪ੍ਰੈਲ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚਹੋਏ ਬੇਅਦਬੀ ਕਾਂਡ ਦਾ ਇਨਸਾਫ਼ ਮੰਗਦੀਆਂ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਹੋਏ ਪੁਲਸੀਆਂ ਜ਼ੁਲਮ ਵਾਲੇ ਬਹਿਬਲ ਕਲਾਂ ਗੋਲੀਕਾਂਡ ਕੇਸ ਦੇ ਦੋਸ਼ੀ ਨਾਮਜ਼ਦ ਕੀਤੇ ਗਏ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸੁਹੇਲ ਸਿੰਘ ਬਰਾੜ ਕੱਲ੍ਹ ਨਿੱਜੀ ਤੌਰ ਉੱਤੇ ਅਦਾਲਤ ਨਹੀਂ ਆਏ ਅਤੇ ਇਨ੍ਹਾਂ ਨੂੰ ਇੱਕ ਦਿਨ ਦੀ ਹਾਜ਼ਰੀ ਤੋਂ ਛੋਟ ਦਿੱਤੀ ਗਈ। ਥਾਣਾ ਬਾਜਾਖ਼ਾਨਾ ਦੇ ਸਾਬਕਾ ਮੁਖੀ ਅਮਰਜੀਤ ਸਿੰਘ ਕੁਲਾਰ, ਕਾਰੋਬਾਰੀ ਪੰਕਜ ਬਾਂਸਲ, ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਿਕਰਮਜੀਤ ਸਿੰਘ ਅਦਾਲਤ ਵਿੱਚ ਹਾਜ਼ਰ ਸਨ। ਅਦਾਲਤ ਨੇ ਇਸ ਦੀ ਅਗਲੀ ਸੁਣਵਾਈ 9 ਮਈ ਤਕ ਮੁਲਤਵੀ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਫ਼ਰੀਦਕੋਟ ਵਿੱਚ ਬਹਿਬਲ ਗੋਲੀਕਾਂਡ ਕੇਸ ਵਿੱਚ ਕੱਲ੍ਹ ਚਾਰਜਸ਼ੀਟ ਉੱਤੇ ਬਹਿਸ ਹੋਣੀ ਸੀ ਪਰ ਦੋਸ਼ੀਆਂ ਦੇ



ਵਕੀਲ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਦੀ ਸੁਣਵਾਈ ਮੁਲਤਵੀ ਕੀਤੀ ਜਾਵੇ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦੋਸ਼ੀਆਂ ਵਿਰੁੱਧ ਐਸ ਆਈ ਟੀ (ਸਿੱਟੀ) ਨੇ ਜੋ ਚਲਾਨ ਪੇਸ਼ ਕੀਤਾ ਹੈ, ਉਸ ਨੂੰ ਰੱਦ ਕਰਾਉਣ ਲਈ ਪੁਲਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸ਼ਰਮਾ, ਬਿਰਕਰਮਜੀਤ ਸਿੰਘ ਅਤੇ ਕੁਲਾਰ ਆਦਿ ਦੋਸ਼ੀ ਵਜੋਂ ਨਾਮਜ਼ਦ ਹਨ। ਇਨ੍ਹਾਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਐਸ ਆਈ ਟੀ ਨੇ ਹਮਲਾਵਰਾਂ ਉਪਰ ਕਾਰਵਾਈ ਕਰਨ ਦੀ ਥਾਂ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ ਹੈ।

# ਵਿਧਾਇਕ ਮਨਵਿੰਧਰ ਸਿੰਘ ਗਿਆਸਪੁਰਾ ਦੇ ਖਿਲਾਫ ਰਿਪੋਰਟ ਦਰਜ

ਖੰਨਾ, 27 ਅਪ੍ਰੈਲ (ਪੋਸਟ ਬਿਊਰੋ)- ਅਸੈਂਬਲੀ ਹਲਕਾ ਪਾਇਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਐਸ ਐਚ ਓ ਪਾਇਲ ਸਤਵਿੰਦਰ ਸਿੰਘ ਵਿੱਚ ਝਗੜਾ ਵਧ ਗਿਆ ਹੈ ਕਿਉਂਕਿ ਐਸ ਐਚ ਓ ਪਾਇਲ ਨੇ ਵਿਧਾਇਕ ਗਿਆਸਪੁਰਾ ਖਿਲਾਫ ਡੀ ਡੀ ਆਰ (ਡੇਲੀ ਡਾਇਰੀ ਰਿਪੋਰਟ) ਲਿਖ ਦਿੱਤੀ ਹੈ ਜਿਸ ਵਿੱਚ ਵਿਧਾਇਕ ਉੱਤੇ ਗਲਤ ਵਿਹਾਰ ਕਰਨ ਦੇ ਦੋਸ਼ ਲਾਏ ਹਨ।

ਮਾਮਲਾ ਹਾਈ ਪ੍ਰੋਫਾਈਲ ਹੋਣ ਕਾਰਨ ਪੁਲਸ ਅਧਿਕਾਰੀ ਵੀ ਸੋਚ-ਸੋਚ ਕੇ ਕਦਮ ਪੁੱਟ ਰਹੇ ਹਨ। ਐਸ ਐਚ ਓ ਨੇ ਲਿਖਿਆਹੈ ਕਿ ਉਹ ਆਪਣੀ ਸਕਾਰਪੀਓ ਗੱਡੀ ਵਿੱਚ ਇਲਾਕੇ ਦੀ ਜਾਂਚ ਕਰ ਰਹੇ ਸਨ। ਡਿਊਟੀ ਦੌਰਾਨ ਉਨ੍ਹਾਂ ਨੂੰ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਫੋਨ ਆਇਆ। ਉਨ੍ਹਾ ਨੇ ਕਿਹਾ ਕਿ ਬੁੱਧ ਸਿੰਘ ਘਲੋਟੀ ਨਾਲ ਲੜਾਈ ਹੋਈ ਸੀ, ਜਿਸ ਨੇ ਸਿਵਲ ਹਸਪਤਾਲ ਵਿੱਚ ਡਾਕਟਰੀ ਰਿਪੋਰਟ ਕਟਵਾ ਲਈ ਅਤੇ ਤੁਹਾਨੂੰ ਨੋਟ ਕਰਵਾ ਦਿੱਤਾ ਸੀ ਕਿ ਦੂਜੇ ਪਾਸੇ ਰੇਡ ਕੀਤੀ ਜਾਵੇ, ਜਿਸ ਦਾ ਰਾਜ਼ੀਨਾਮਾ ਉਨ੍ਹਾਂ ਨੇ ਆਪਣੇ ਦਫਤਰ ਵਿੱਚ ਕਰਵਾਉਣਾ



ਹੈ।ਐਸ ਐਚ ਓ ਨੇ ਵਿਧਾਇਕ ਨੂੰ ਦੱਸਿਆ ਕਿ ਕੇਸ ਦੀ ਜਾਂਚ ਸਹਾਇਕ ਐਸ ਐਚ ਓ ਗੁਰਮੀਤ ਸਿੰਘ ਕਰ ਰਹੇ ਹਨ ਅਤੇ ਉਹ ਅੱਜ ਐਸ ਪੀ (ਡੀ) ਕੋਲ ਖੰਨਾ ਗਏ ਹਨ। ਇਸ ਉੱਤੇ ਵਿਧਾਇਕ ਨੇ ਕਿਹਾ ਕਿ ਤੁਸੀਂ ਜਾਣਬੁੱਝ ਕੇ ਪੁਲਸ ਨੂੰ ਖਰਾਬ ਕਰਦੇ ਹੋ,ਮੈਂ ਇਸ ਦੀ ਸ਼ਿਕਾਇਤ ਕਰਾਂਗੇ ਤੇ ਤੁਹਾਨੂੰ ਦੱਸਾਂਗਾ ਕਿ ਕਿਵੇਂ ਕੰਮ ਕੀਤਾ ਜਾਂਦਾ ਹੈ। ਐਸ ਐਚ ਓ ਲਿਖਿਆ ਕਿ ਵਿਧਾਇਕ ਗਿਆਸਪੁਰਾ ਨੇ ਉਨ੍ਹਾਂ ਨਾਲ ਗਲਤ ਵਿਹਾਰ ਕੀਤਾ ਹੈ ਜਿਸ ਸਬੰਧੀ ਐਸ ਐਸ ਪੀ ਖੰਨਾ ਅਤੇ ਡੀ ਐਸ ਪੀ ਪਾਇਲ ਨੂੰ ਮੋਬਾਈਲ ਉੱਤੇ ਸੂਚਿਤ ਕਰ ਦਿੱਤਾ ਹੈ।ਇਸ ਬਾਰੇ ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਅਜਿਹਾ ਕੋਈ ਮਾਮਲਾ ਨਹੀਂ ਹੈ, ਉਨ੍ਹਾਂ ਨੂੰ ਡੀ ਡੀ ਆਰ ਬਾਰੇ ਵੀ ਕੁਝ ਨਹੀਂ ਪਤਾ।






# ਰਾਣਾ ਗੁਰਜੀਤ ਅਤੇ ਚਾਰ ਹੋਰ ਵਿਧਾਇਕਾਂ ਦੀ ਚੋਣ ਨੂੰ ਚੁਣੌਤੀ

ਚੰਡੀਗੜ੍ਹ, 27 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਚਾਰ ਹੋਰ ਵਿਧਾਇਕਾਂ ਦੀ ਚੋਣ ਨੂੰ ਚੁਣੌਤੀ ਦਿੱਤੀ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਵੇਲੇ ਕੁੱਲ ਸੱਤ ਚੋਣ ਪਟੀਸ਼ਨਾਂ ਦਾਖ਼ਲ ਹੋ ਚੁੱਕੀਆਂ ਹਨ। ਇਨ੍ਹਾਂ ਉੱਤੇ ਅਗਲੇ ਦੋ ਹਫ਼ਤਿਆਂ ਵਿੱਚ ਸੁਣਵਾਈ ਦੀ ਸੰਭਾਵਨਾ ਹੈ। ਜਿਨ੍ਹਾਂ ਵਿਰੁੱਧ ਪਟੀਸ਼ਨਾਂ ਹੋਈਆਂ, ਉਨ੍ਹਾਂ ਵਿੱਚ ਕਪੂਰਥਲਾ ਤੋਂ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਵਿਰੁੱਧ ਆਮ ਆਦਮੀ ਪਾਰਟੀ ਦੀ ਉਮੀਦਵਾਰ ਮੰਜੂ ਰਾਣਾ ਨੇ ਅਰਜ਼ੀ ਦਾਖ਼ਲ ਕੀਤੀ ਤੇ ਕਿਹਾ ਹੈ ਕਿ ਚੋਣ ਜਿੱਤਣ ਲਈ ਰਾਣਾ ਗੁਰਜੀਤ ਨੇ ਕਈ ਗ਼ੈਰ ਕਾਨੂੰਨੀ ਵਸੀਲੇ ਅਪਣਾਏ ਸਨ।

ਦੂਜੇ ਪਾਸੇ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਵਿਰੁੱਧ ਅਕਾਲੀ ਦਲ ਦੇ ਉਮੀਦਵਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇਪਟੀਸ਼ਨ ਦਾਖ਼ਲ ਕਰ ਕੇ ਕਿਹਾ ਕਿ ਹਰਮੀਤ ਸਿੰਘ ਭਗੌੜਾ ਅਪਰਾਧੀ ਕਰਾਰ ਦਿੱਤਾ ਜਾ ਚੁੱਕਾ ਸੀ, ਪਰ ਉਨ੍ਹਾਂ ਨੇ ਨਾਮਜ਼ਦਗੀ ਪੱਤਰ ਵਿੱਚ ਇਹ ਤੱਥ ਲੁਕਾਇਆ ਅਤੇ ਸ਼ਿਕਾਇਤ ਕਰਨ ਉੱਤੇ ਚੋਣ ਕਮਿਸ਼ਨ ਨੇ ਹਰਮੀਤ ਸਿੰਘ ਵਿਰੁੱਧ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ। ਸ਼ਾਹਕੋਟ ਤੋਂ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆਂ ਵਿਰੁੱਧ ਆਜ਼ਾਦ ਉਮੀਦਵਾਰ ਪਰਮਜੀਤ ਕੌਰ ਨੇ ਪਟੀਸ਼ਨ ਦਾਖ਼ਲ ਕਰ ਕੇ ਉਨ੍ਹਾਂ ਉੱਤੇ ਚੋਣ ਜਿੱਤਣ ਲਈ ਗ਼ੈਰ ਕਾਨੂੰਨੀ ਵਸੀਲੇ ਵਰਤਣ ਦਾ ਦੋਸ਼ ਲਾਇਆ ਹੈ। ਜਲੰਧਰ ਕੇਂਦਰੀ ਤੋਂ ਆਮ ਆਦਮੀ ਪਾਰਟੀ ਦੇ



ਵਿਧਾਇਕ ਰਮਨ ਅਰੋੜਾ ਦੀ ਚੋਣ ਨੂੰ ਚੁਣੌਤੀ ਦਿੱਤੀ ਗਈ ਹੈ।ਸਮਾਜਵਾਦੀ ਪਾਰਟੀ ਦੀ ਟਿਕਟ ਉੱਤੇ ਚੋਣ ਲੜੇ ਜਤਿੰਦਰ ਕੁਮਾਰ ਨੇ ਦੋਸ਼ ਲਾਇਆ ਹੈ ਕਿ ਇੱਕ ਮੀਡੀਆ ਵਿਸ਼ੇਸ਼ ਉੱਤੇ ਚੋਣ ਪ੍ਰਚਾਰ ਦੇ ਸਮੇਂ ਵਿੱਚੋਂ ਕਰੀਬ 90 ਫ਼ੀਸਦੀ ਸਮਾਂ ਅਰੋੜਾ ਨੂੰ ਦਿੱਤਾ ਗਿਆ ਤੇ ਇਸ ਤੋਂ ਬਿਨਾ ਅਰੋੜਾ ਨੇ ਚੋਣ ਪ੍ਰਚਾਰ ਲਈ ਧਾਰਮਿਕ ਥਾਂ ਉੱਤੇ ਮੀਟਿੰਗ ਕੀਤੀ ਹੈ। ਇਸ ਤੋਂ ਪਹਿਲਾਂ ਬਸਪਾ ਦੇ ਇਕਲੌਤੇ ਵਿਧਾਇਕ ਨਛੱਤਰਪਾਲ ਦੀ ਚੋਣ ਨੂੰ ਵੀ ਦੋ ਵੱਖ-ਵੱਖ ਪਟੀਸ਼ਨਾਂ ਦਾਖ਼ਲ ਕਰਕੇ ਚੁਣੌਤੀ ਦਿੱਤੀ ਗਈ ਸੀ। ਇਨ੍ਹਾਂ ਸਾਰੀਆਂ ਚੋਣ ਪਟੀਸ਼ਨਾਂ ਉੱਤੇ ਦੋ ਹਫ਼ਤੇ ਉਪਰੰਤ ਸੁਣਵਾਈ ਹੋਣ ਦੀ ਉਮੀਦ ਹੈ।

## ਪ੍ਰੇਸ਼ਾਨ ਵਿਅਕਤੀ ਨੇ ਪੁੱਤਰ ਸਣੇ ਨਹਿਰ ਵਿੱਚ ਛਾਲ ਮਾਰੀ

ਅਬੋਹਰ, 27 ਅਪ੍ਰੈਲ (ਪੋਸਟ ਬਿਊਰੋ)- ਇੱਥੇ ਇੱਕ ਵਿਅਕਤੀ ਨੇ ਆਪਣੇ ਨੌਂ ਸਾਲਾਂ ਦੇ ਪੁੱਤਰ ਸਣੇ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਨਿਤਿਨ ਵਾਸੀ ਸਿੱਧੂ ਨਗਰੀ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਕੋਰੋਨਾ ਵੇਲੇ ਸਕੂਲ ਬੰਦ ਹੋਣ ਮਗਰੋਂ ਨਿਤਿਨ ਆਪਣੇ ਭਰਾ ਨਾਲ ਠਾਕਰ ਆਬਾਦੀ ਵਿੱਚ ਢਾਬੇ ਦਾ ਕੰਮ ਕਰਦਾ ਸੀ ਅਤੇ ਉਦੋਂ ਤੋਂ ਪ੍ਰੇਸ਼ਾਨ ਸੀ। ਮ੍ਰਿਤਕ ਦੇ ਪਿਤਾ ਰਤਨ ਸ਼ਰਮਾ ਨੇ ਦੱਸਿਆ ਕਿ ਉਸ ਦਾ ਪੁੱਤਰ ਨਿਤਿਨ, ਆਰੀਆ ਨਗਰ ਵਿੱਚ ਸਕੂਲ ਚਲਾਉਂਦਾ ਸੀ, ਪਰ ਕੋਰੋਨਾ ਦੇ ਦੌਰ ਵਿੱਚ ਸਕੂਲ ਬੰਦ ਹੋਣ ਪਿੱਛੋਂ ਉਹ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਰਹਿੰਦਾ ਸੀ। ਕੱਲ੍ਹ ਉਹ ਛੁੱਟੀ



ਮਗਰੋਂ ਆਪਣੇ ਨੌਂ ਸਾਲਾ ਬੱਚੇ ਇਸ਼ਿਤ ਨੂੰ ਲੈਣ ਗਿਆ, ਪਰ ਬੱਚੇ ਨੂੰ ਲੈ ਕੇ ਨਹੀਂ ਪਰਤਿਆ। ਉਸ ਨੇ ਆਪਣੇ ਛੋਟੇ ਭਰਾ ਦੇ ਮੋਬਾਈਲ ਉੱਤੇ ਸੁਨੇਹਾ ਭੇਜਿਆ ਕਿ ਉਹ ਨਹਿਰ ਵਿੱਚ ਛਾਲ ਮਾਰ ਰਿਹਾ ਹੈ। ਜਦੋਂ ਉਹ ਓਥੇ ਪਹੁੰਚੇ ਤਾਂ ਨਹਿਰ ਕੰਢੇ ਮੋਟਰ ਸਾਈਕਲ ਅਤੇ ਬੱਚੇ ਦਾ ਸਕੂਲ ਬੈਗ ਪਿਆ ਸੀ।

# ਚੱਲਦੀ ਕਾਰ ਨੂੰ ਅੱਗ ਲੱਗੀ, ਚਾਲਕ ਜੀਊਂਦਾ ਸੜਿਆ

ਫਰੀਦਕੋਟ, 27 ਅਪ੍ਰੈਲ (ਪੋਸਟ ਬਿਊਰੋ)- ਫਰੀਦਕੋਟ-ਕੋਟਕਪੂਰਾ ਰੋਡ ਉੱਤੇ ਕੱਲ੍ਹ ਦੁਪਹਿਰੇ ਅਚਾਨਕ ਇੱਕ ਚੱਲਦੀ ਸਵਿਫਟ ਕਾਰਨ ਨੂੰ ਅੱਗ ਲੱਗਣ ਕਾਰਨ ਚਾਲਕ ਦੀ ਜ਼ਿੰਦਾ ਸੜਨ ਕਾਰਨ ਮੌਤ ਹੋ ਗਈ। ਇਸ ਘਟਨਾ ਵਿੱਚ ਕਾਰ ਵੀ ਪੂਰੀ ਤਰ੍ਹਾਂ ਸੜ ਗਈ। ਕਰੀਬ ਅੱਧਾ ਘੰਟਾ ਦੇਰੀ ਨਾਲ ਪੁੱਜੇ ਅੱਗ ਬੁਝਾਊ ਦਸਤੇ ਨੇ ਜਦੋਂ ਤਕ ਅੱਗ ਉੱਤੇ ਕੰਟਰੋਲ ਕੀਤਾ, ਉਦੋਂ ਤਕ ਚਾਲਕ ਅਤੇ ਕਾਰ ਪੂਰੀ ਤਰ੍ਹਾਂ ਸੜ ਚੁੱਕੇ ਸਨ।

ਮ੍ਰਿਤਕ ਦੀ ਪਛਾਣ ਹਰਿਮੰਦਰ ਸਿੰਘ ਵਾਸੀ ਹਰਿੰਦਰਾ ਨਗਰ, ਫਰੀਦਕੋਟ ਵਜੋਂ ਹੋਈ ਹੈ। ਉਹ ਇੱਥੇ ਆੜਤ ਦਾ ਕੰਮ ਕਰਦਾ ਸੀ।ਕਾਰ ਨੂੰ ਹਰਿਮੰਦਰ ਸਿੰਘ ਚਲਾ ਰਿਹਾ ਸੀ ਅਤੇ ਇਸ ਚੱਲਦੀ ਕਾਰ ਨੂੰ ਦਿੱਲੀ ਪਬਲਿਕ ਸਕੂਲ ਕੋਲ ਅਚਾਨਕ ਅੱਗ ਲੱਗ



ਗਈ। ਇਸ ਮੌਕੇ ਕਾਰ ਦੀਆਂ ਬਾਰੀਆਂ ਲਾਕ ਹੋ ਗਈਆਂ, ਜਿਸ ਕਾਰਨ ਚਾਲਕ ਤੁਰੰਤ ਬਾਹਰ ਨਹੀਂ ਨਿਕਲ ਸਕਿਆ ਅਤੇ ਵਿੱਚ ਹੀ ਅੱਗ ਨਾਲ ਝੁਲਸਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਹਰਿਮੰਦਰ ਦੇ ਬੱਚੇ ਪੜ੍ਹਾਈ ਲਈ ਵਿਦੇਸ਼ ਗਏ ਹੋਏ ਹਨ।

ਸੁਪਰੀਮ ਕੋਰਟ ਦੀ ਟਿੱਪਣੀ:

# ਕਾਨੂੰਨੀ ਦਾਇਰੇ ਤੋਂ ਬਾਹਰ ਜਾ ਕੇ ਕਿਸਾਨ ਨੂੰ ਜ਼ਮੀਨ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਉਲੰਘਣਾ



ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਕਿਸਾਨਾਂ ਨੂੰ ਕਾਨੂੰਨੀ ਘੇਰੇ ਤੋਂ ਬਾਹਰ ਜਾ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਜਾਇਦਾਦ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਉਲੰਘਣਾ ਵਾਂਗ ਹੋਵੇਗਾ।

ਜਸਟਿਸ ਦਿਨੇਸ਼ ਮਹੇਸ਼ਵਰੀ ਅਤੇ ਜਸਟਿਸ ਵਿਕਰਮ ਨਾਥ ਦੇ ਬੈਂਚ ਨੇ ਕਿਹਾ ਕਿ ਸੜਕਾਂ ਚੌੜੀਆਂ ਕਰਨ ਲਈ ਕਿਸਾਨਾਂ ਨੂੰ ਮੁਆਵਜ਼ਾ ਨਾ ਦੇਣ ਲਈ ਕੋਈ ਸਫਾਈ ਨਹੀਂ ਦਿੱਤੀ ਜਾ ਸਕਦੀ। ਅਦਾਲਤ ਨੇ ਕਿਹਾ ਕਿ ਬੇਸ਼ੱਕ ਸੜਕਾਂ ਦੀ ਉਸਾਰੀ ਜਾਂ ਇਨ੍ਹਾਂ ਨੂੰ ਚੌੜਾ ਕਰਨ ਦੀ ਕਾਰਵਾਈ ਲੋਕਾਂ ਲਈ ਹੁੰਦੀ ਹੈ, ਪਰ ਮੁਆਵਜ਼ੇ ਤੋਂ ਇਨਕਾਰ ਨਹੀਂ ਹੋ ਸਕਦਾ। ਅਜਿਹਾ ਕਰਨਾ ਪੱਖਪਾਤੀ, ਗੈਰਵਾਜਬ ਅਤੇ ਸੰਵਿਧਾਨ ਦੀ ਧਾਰਾ 300 ਏ ਦੀ ਉਲੰਘਣਾ ਹੋਵੇਗਾ।

ਵਰਨਣ ਯੋਗ ਹੈ ਕਿ ਅੱਠ ਕਿਸਾਨਾਂ ਨੇ ਕੇਰਲਾ ਹਾਈ ਕੋਰਟ ਦੇ ਫੈਸਲੇ ਵਿਰੁੱਧ ਪਟੀਸ਼ਨ ਪਾਈ ਸੀ। ਪਟੀਸ਼ਨਰਾਂ ਨੇ ਕਿਹਾ ਕਿ ਪੰਚਾਇਤ ਨੇ ਉਨ੍ਹਾਂ ਨੂੰ ਆਪਣੀ ਜ਼ਮੀਨ ਸੜਕ ਖਾਤਰ ਦੇਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਦਾ ਮੁਆਵਜ਼ਾ ਦਿੱਤਾ ਜਾਵੇਗਾ, ਪਰ ਸੜਕ ਬਣਾਉਣ ਮਗਰੋਂ ਮੁਆਵਜ਼ਾ ਨਹੀਂ ਦਿੱਤਾ ਗਿਆ। ਇਸ ਤੋਂ ਬਾਅਦ ਕਿਸਾਨ ਹਾਈ ਕੋਰਟ ਚਲੇ ਗਏ। ਸੁਪਰੀਮ ਕੋਰਟ ਨੇ ਕਿਹਾ ਕਿ ਅਰਜ਼ੀਕਰਤਾ ਕਿਸਾਨ ਹਨ ਅਤੇ ਇਸ ਕੇਸ ਵਿੱਚ ਵਰਤੀ ਗਈ ਜ਼ਮੀਨ ਖੇਤੀਯੋਗ ਸੀ, ਜੋ ਉਨ੍ਹਾਂ ਲਈ ਆਮਦਨੀ ਦਾ ਸਰੋਤ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਕਾਨੂੰਨ ਦੀ ਉਲੰਘਣਾ ਕਰ ਕੇ ਇਸ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਧਾਰਾ 21 ਤੇ 300 ਏ ਦੀ ਉਲੰਘਣਾ ਹੋਵੇਗਾ। ਸੁਪਰੀਮ ਕੋਰਟ ਨੇ ਪੰਚਾਇਤ ਤੇ ਪੀ ਡਬਲਯੂ ਡੀ ਨੂੰ ਇਸ ਗੱਲ ਦਾ ਸਬੂਤ ਪੇਸ਼ ਕਰਨ ਲਈ ਕਿਹਾ ਹੈ ਕਿ ਕਿਸਾਨਾਂ ਨੇ ਆਪਣੀ ਜ਼ਮੀਨ ਨਾਲ ਮਰਜ਼ੀ ਨਾਲ ਦਿੱਤੀ ਹੈ।

# ਕਰਾਚੀ ਯੂਨੀਵਰਸਿਟੀ ਦੇ ਬਾਹਰ ਕਾਰ ਧਮਾਕਾ

* ਤਿੰਨ ਚੀਨੀ ਔਰਤਾਂ ਸਮੇਤ ਪੰਜਾਂ ਦੀ ਮੌਤ



ਕਰਾਚੀ, 27 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਆਰਥਿਕ ਰਾਜਧਾਨੀ ਕਰਾਚੀ ਦੇ ਯੂਨੀਵਰਸਿਟੀ ਕੰਪਲੈਕਸ ਵਿੱਚ ਕੱਲ੍ਹ ਇੱਕ ਕਾਰ ਵਿੱਚ ਹੋਏ ਧਮਾਕੇ ਵਿੱਚ ਤਿੰਨ ਵਿਦੇਸ਼ੀ ਨਾਗਰਿਕਾਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਸ਼ੁਰੂਆਤੀ ਖ਼ਬਰਾਂ ਮੁਤਾਬਕ ਯੂਨੀਵਰਸਿਟੀ ਵਿੱਚ ਕਨਫਿਊਸ਼ੀਅਸ ਇੰਸਟੀਚਿਊਟ ਨੇੜੇ ਇੱਕ ਵੈਨ ਵਿੱਚ ਧਮਾਕਾ ਹੋਇਆ। ਸਥਾਨਕ ਮੀਡੀਆ ਦੀਆਂ ਖ਼ਬਰਾਂ ਵਿੱਚ ਕਿਹਾ ਗਿਆ ਹੈ ਕਿ ਵੈਨ ਦੋ ਵਿਦੇਸ਼ੀ ਨਾਗਰਿਕਾਂ ਸਮੇਤ ਲੈਕਚਰਾਰਾਂ ਨੂੰ ਲੈ ਕੇ ਜਾ ਰਹੀ ਸੀ ਜੋ ਯੂਨੀਵਰਸਿਟੀ ਵਿੱਚ ਪੜ੍ਹਾ ਕੇ ਪਰਤ ਰਹੇ ਸਨ।

ਮਿਲੀ ਜਾਣਕਾਰੀ ਮੁਤਾਬਕ ਧਮਾਕੇ ਵਿੱਚ ਤਿੰਨ ਚੀਨੀ ਮਹਿਲਾ ਪ੍ਰੋਫ਼ੈਸਰ, ਉਨ੍ਹਾਂ ਦਾ ਪਾਕਿਸਤਾਨੀ ਡਰਾਈਵਰ ਤੇ ਇੱਕ ਗਾਰਡ ਦੀ ਮੌਤ ਹੋ ਗਈ। ਜੰਗ ਅਖ਼ਬਾਰ ਨੇ ਦੱਸਿਆ ਕਿ ਧਮਾਕਾ ਰਿਮੋਟ ਕੰਟਰੋਲ ਡਿਵਾਈਸ ਨਾਲ ਹੋਇਆ। ਕਰਾਚੀ ਪੁਲਸ ਮੁੱਖੀ ਗੁਲਾਮ ਨਬੀ ਨੇ ਦੱਸਿਆ ਕਿ ਇਹ ਫ਼ਿਦਾਇਨ ਹਮਲਾ ਸੀ। ਇੱਕ ਬੁਰਕਾ ਪਾਈ ਔਰਤ ਨੇ ਇਹ ਹਮਲਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਵੈਨ ਵਿੱਚ 7-8 ਲੋਕ ਸਵਾਰ ਸਨ।ਨਬੀ ਨੇ ਦੱਸਿਆ ਕਿ ਇਸ ਧਮਾਕੇ ਤੋਂ ਬਾਅਦ ਘਟਨਾ ਸਥਾਨ ਉਤੇ ਗੋਲੀਬਾਰੀ ਵੀ ਕੀਤੀ ਗਈ। ਧਮਾਕੇ ਪਿੱਛੋਂ ਘਟਨਾਸਥਾਨ ਉਤੇ ਰੇਂਜਰਸ ਪਹੁੰਚੇ। ਇਸ ਗੋਲੀਬਾਰੀ ਵਿੱਚ ਚਾਰ ਲੋਕ ਜ਼ਖ਼ਮੀ ਹੋ ਗਏ।ਜਾਣਕਾਰੀ ਅਨੁਸਾਰ ਬਲੋਚ ਲਿਬਰੇਸ਼ਨ ਫ਼ਰੰਟ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਜਦੋਂ ਇਹ ਧਮਾਕਾ ਕੀਤਾ ਗਿਆ ਉਦੋਂ ਵਿਦਿਆਰਥੀਆਂ ਦੇ ਮਾਪੇ ਵੀ ਘਟਨਾਸਥਾਨ ਉਤੇ ਮੌਜੂਦ ਸਨ।

# ਮਾਣਹਾਨੀ ਕੇਸ ਵਿੱਚ ਟਰੰਪ ਨੂੰ ਰੋਜ 10 ਹਜ਼ਾਰ ਡਾਲਰ ਭਰਨੇ ਪੈਣਗੇ



ਸੈਕਰਾਮੈਂਟੋ, 27 ਅਪ੍ਰੈਲ (ਪੋਸਟ ਬਿਊਰੋ)- ਨਿਊਯਾਰਕ ਦੀ ਇੱਕ ਅਦਾਲਤ ਨੇ ਫੈਮਿਲੀ ਕਾਰੋਬਾਰ ਸੌਦੇ ਵਿੱਚ ਸਿਵਲ ਫਰਾਡ ਦੀ ਜਾਂਚ ਲਈ ਲੋੜੀਂਦੇ ਦਸਤਾਵੇਜ਼ ਦੇਣ ਵਿੱਚ ਅਸਫਲ ਰਹਿਣ ਕਾਰਨ ਅਦਾਲਤ ਦੀ ਮਾਣਹਾਨੀ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੱਜ ਨੇ ਆਦੇਸ਼ ਵਿੱਚ ਸਾਬਕਾ ਰਾਸ਼ਟਰਪਤੀ ਨੂੰ ਉਲੰਘਣਾ ਕਰਨ ਵਾਲੇ ਸਮੇਂ ਲਈ ਪ੍ਰਤੀ ਦਿਨ 10,000 ਡਾਲਰ ਜੁਰਮਾਨਾ ਭਰਨ ਲਈ ਕਿਹਾ ਹੈ।

ਪਤਾ ਲੱਗਾ ਹੈ ਕਿ ਨਿਊਯਾਰਕ ਦੇ ਅਟਾਰਨੀ ਜਨਰਲ ਲੀਟੀਆ ਜੇਮਜ,ਜਿਹੜਾ ਡੈਮੋਕ੍ਰੈਟਿਕ ਹੈ, ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਨਿਸ਼ਚਤ ਅੰਤਿਮ ਤਾਰੀਕ 31 ਮਾਰਚ ਤਕ ਦਸਤਾਵੇਜ਼ ਨਾ ਦੇਣ ਲਈ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਦੋਸ਼ੀ ਮੰਨਿਆ ਜਾਵੇ। ਜੇਮਜ ਨੇ ਅਦਾਲਤ ਦੇ ਫੈਸਲੇ ਪਿੱਛੋਂ ਕਿਹਾ ਕਿ ਕੱਲ੍ਹ ਨਿਆਂ ਹੋਇਆ ਹੈ ਕਿਉਂਕਿ ਕਈ ਸਾਲਾਂ ਤਕ ਟਰੰਪ ਨੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ ਤੇ ਸਾਬਕਾ ਰਾਸ਼ਟਰਪਤੀ ਤੇ ਉਸ ਦੀ ਕੰਪਨੀ ਵਿੱਤੀ ਲੈਣ ਦੇਣ ਸਬੰਧੀ ਸਾਡੀ ਕਾਨੂੰਨੀ ਜਾਂਚ ਵਿੱਚ ਅੜਿੱਕਾ ਪਾ ਰਹੀ ਹੈ। ਦੂਸਰੇ ਪਾਸੇ ਟਰੰਪ ਦੀ ਵਕੀਲ ਨੇ ਕਿਹਾ ਹੈ ਕਿ ਅਸੀਂ ਸਨਮਾਨ ਸਹਿਤ ਅਦਾਲਤ ਦੇ ਨਿਰਨੇ ਨਾਲ ਅਸਹਿਮਤੀ ਪ੍ਰਗਟਾਉਂਦੇ ਹਾਂ। ਸਾਰੇ ਮੰਗੇ ਗਏ ਦਸਤਾਵੇਜ਼ ਮਹੀਨਾ ਪਹਿਲਾਂ ਅਟਾਰਨੀ ਜਨਰਲ ਨੂੰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਫ਼ੈਸਲੇ ਨੂੰ ਚੁਣੌਤੀ ਦੇਵਾਂਗੇ।

# ਚੀਨ ਦੱਸੇ ਕਿ ਤਿੱਬਤ ਦੇ 11ਵੇਂ ਪੰਚੇਨ ਲਾਮਾ ਕਿੱਥੇ ਹਨ: ਅਮਰੀਕਾ



ਵਾਸ਼ਿੰਗਟਨ, 27 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੇ ਬੀਤੇ ਸੋਮਵਾਰ ਨੂੰ 11ਵੇਂ ਪੰਚੇਨ ਲਾਮਾ ਗੇਧੁਨ ਚੋਏਕਯੀ ਨਯਿਮਾ ਦੇ 33ਵੇਂ ਜਨਮ ਦਿਵਸ ਮੌਕੇ ਚੀਨ ਨੂੰ ਇਹ ਦੱਸਣ ਦੀ ਅਪੀਲ ਕੀਤੀ ਕਿ ਉਹ ਕਿੱਥੇ ਹਨ।

ਸਾਲ 1995 ਵਿੱਚ ਚੀਨੀ ਅਧਿਕਾਰੀਆਂ ਵੱਲੋਂ ਅਗਵਾ ਕੀਤੇ ਜਾਣ ਪਿੱਛੋਂ ਉਹ ਲਾਪਤਾ ਹਨ। ਤਿੱਬਤੀ ਭਾਈਚਾਰੇ ਵਿੱਚ ਉਨ੍ਹਾਂ ਨੂੰ ਅੱਜ ਤੱਕ ਦੇਖਣ ਦੀ ਆਸ ਹੈ।ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ, ‘‘11ਵੇਂ ਪੰਚੇਨ ਲਾਮਾ ਗੇਧੁਨ ਚੋਏਕਯੀ ਨਯਿਮਾ ਦਾ ਅੱਜ 33ਵਾਂ ਜਨਮ ਦਿਨ ਹੈ। 17 ਮਈ 1995 ਨੂੰ ਛੇ ਸਾਲ ਦੀ ਉਮਰ ਵਿੱਚਉਨ੍ਹਾਂ ਨੂੰ ਚੀਨੀ ਅਧਿਕਾਰੀਆਂ ਨੇ ਅਗਵਾ ਕਰ ਲਿਆ ਸੀ ਤੇ ਉਸ ਤੋਂ ਬਾਅਦ ਉਹ ਲਾਪਤਾ ਹਨ।'' ਬੁਲਾਰੇ ਨੇ ਕਿਹਾ ਕਿ ਚੀਨ, ਤਿੱਬਤੀ ਫਿਰਕੇ ਨੂੰ ਪੰਚੇਨ ਲਾਮਾ ਨਾਲ ਸੰਪਰਕ ਨਹੀਂ ਕਰਨ ਦੇ ਰਿਹਾ। ਪੰਚੇਨ ਲਾਮਾ ਤਿੱਬਤੀ ਬੋਧ ਧਰਮ ਵਿੱਚ ਦੂਸਰੇ ਸਭ ਤੋਂ ਸਨਮਾਨਤ ਵਿਅਕਤੀ ਹਨ। ਪ੍ਰਾਈਸ ਨੇ ਕਿਹਾ, ‘‘ਅਸੀਂ ਚੀਨੀ ਅਧਿਕਾਰੀਆਂ ਨੂੰ ਨਯਿਮਾਬਾਰੇਸੂਚਨਾ ਦੇਣ ਦੀ ਅਪੀਲ ਕਰਦੇ ਹਾਂ। ਚੀਨ ਆਪਣੀਆਂ ਕੌਮਾਂਤਰੀ ਵਚਨਬੱਧਤਾਵਾਂ ਦੇ ਮੁਤਾਬਕ ਉਨ੍ਹਾਂ ਨੂੰ ਆਪਣੇ ਮਨੁੱਖੀ ਅਧਿਕਾਰ ਤੇ ਬੁਨਿਆਦੀ ਆਜ਼ਾਦੀ ਦਾ ਪੂਰੀ ਤਰ੍ਹਾਂ ਇਸਤੇਮਾਲ ਕਰਨ ਦੀ ਇਜਾਜ਼ਤ ਦੇਵੇ।''

10ਵੇਂ ਪੰਚੇਨ ਲਾਮਾ ਦੀ ਮੌਤ ਤੋਂ ਬਾਅਦ ਦਲਾਈ ਲਾਮਾ ਤੇ ਉਨ੍ਹਾਂ ਦੇ ਦਲ ਨੇ ਪੰਚੇਨ ਲਾਮਾ ਦੀ ਭਾਲ ਕੀਤੀ ਸੀ। 14 ਮਈ 1995 ਨੂੰ ਤਿੱਬਤ ਵਿੱਚਛੇ ਸਾਲਾ ਗੇਧੁਨ ਚੋਏਕਯੀ ਨਯਿਮਾ ਨੂੰ 11ਵੇਂ ਪੰਚੇਨ ਲਾਮਾ ਵਜੋਂ ਮਾਨਤਾ ਮਿਲੀ, ਪਰ 17 ਮਈ 1995 ਨੂੰ ਛੇ ਸਾਲਾ ਬਾਲਕ ਤੇ ਉਸ ਦੇ ਪਰਵਾਰ ਨੂੰ ਅਗਵਾ ਕਰ ਲਿਆ ਗਿਆ।

ਕੇਜਰੀਵਾਲ ਦੇ ਘਰ ਅੱਗੇ ਭੰਨਤੋੜ ਦਾ ਮਾਮਲਾ:

# ਦਿੱਲੀ ਪੁਲਸ ਨੇ ਭਾਜਪਾ ਐਮ ਪੀ ਨੂੰ ਜਾਂਚ ’ਚ ਸ਼ਾਮਲ ਹੋਣ ਲਈ ਕਿਹਾ



ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਲੋਕ ਸਭਾ ਮੈਂਬਰ ਤੇਜਸਵੀ ਸੂਰਿਆ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਭੰਨਤੋੜ ਦੇ ਕੇਸ ਵਿੱਚ ਜਾਂਚ ਵਿੱਚ ਸ਼ਾਮਲ ਹੋਣ ਨੂੰ ਕਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਅਧਿਕਾਰੀਆਂ ਨੇ ਸੂਰਿਆ ਨੂੰ ਲਿਖਤੀ ਸੰਦੇਸ਼ ਰਾਹੀਂ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ। ਉਸ ਨੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਉਹ ਜਾਂਚ ਵਿੱਚ ਸ਼ਾਮਲ ਹੋਣਗੇ।ਪੁਲਸ ਨੇ ਕਿਹਾ ਕਿ ਉਕਤ ਘਟਨਾ ਦੇ ਸੰਬੰਧ ਵਿੱਚ ਦਿੱਲੀ ਤੋਂ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਅੱਠਾਂ ਨਾਲ ਕੁੱਲ 26 ਲੋਕਾਂ ਤੋਂ ਘਟਨਾ ਦੇ ਬਾਰੇ ਪੁੱਛਗਿੱਛ ਕੀਤੀ ਗਈ ਹੈ। ਤਕਨੀਕੀ ਸੂਤਰਾਂ ਤੋਂ ਉਨ੍ਹਾਂ ਦੀ ਪਛਾਣ ਕੀਤੀ ਗਈ ਹੈ।

ਫਿਲਮ ‘ਦ ਕਸ਼ਮੀਰ ਫਾਈਲ' ਬਾਰੇ ਕੇਜਰੀਵਾਲ ਦੇ ਬਿਆਨ ਵਿਰੁੱਧ ਭਾਰਤੀ ਜਨਤਾ ਯੁਵਾ ਮੋਰਚਾ ਦੇ ਕਾਰਕੁਨਾਂ ਨੇ ਤੀਹ ਮਾਰਚ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਭੰਨਤੋੜ ਕੀਤੀ ਸੀ। ਪੁਲਸ ਨੇ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕੀਤਾ ਸੀ। ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਨੇ ਦੋਸ਼ ਲਾਇਆ ਸੀ ਕਿ ਭਾਜਪਾ ਪੰਜਾਬ ਚੋਣਾਂ ਵਿੱਚ ਹਾਰ ਦੇ ਬਾਅਦ ਕੇਜਰੀਵਾਲ ਦਾ ‘ਕਤਲ ਕਰਾਉਣਾ' ਚਾਹੁੰਦੀ ਹੈ।

## ਕੇਂਦਰੀ ਵਿਦਿਆਲਿਆਂ ਵਿੱਚੋਂ ਕੋਟਾ ਰਾਜ ਖਤਮ ਕਰਕੇ ਨਵੇਂ ਨਿਯਮ ਲਾਗੂ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਵਿਦਿਆਲਿਆਂਵਿੱਚ ਦਾਖਲਾ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਕੇਂਦਰ ਸਰਕਾਰ ਨੇ ਇਨ੍ਹਾਂ ਵਿੱਚ ਲਾਗੂ ਕੋਟਾ ਨੀਤੀ ਲਗਭਗ ਖਤਮ ਕਰ ਦਿੱਤਾ ਗਈ ਹੈ।

ਇਸ ਫੈਸਲੇ ਤਹਿਤ ਜਿਹੜੇ ਕੋਟੇ ਖਤਮ ਕੀਤੇ ਗਏ ਹਨ, ਉਨ੍ਹਾਂ ਵਿੱਚ ਪਾਰਲੀਮੈਂਟ ਮੈਂਬਰਾਂ, ਸਿੱਖਿਆ ਮੰਤਰਾਲੇ ਦੇ ਮੁਲਾਜ਼ਮਾਂ, ਕੇਂਦਰੀ ਵਿਦਿਆਲਿਆਂ ਦੇ ਰਿਟਾਇਰਡ ਮੁਲਾਜ਼ਮਾਂ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਮੇਤ ਦਾਖਲੇ ਨਾਲ ਜੁੜੇ ਕਰੀਬ ਦਰਜਨ ਕੋਟੇ ਸ਼ਾਮਲ ਹਨ।ਇਸ ਦੇ ਨਾਲ ਹੀ ਕੇਂਦਰੀ ਵਿਦਿਆਲਿਆਂ ਵਿੱਚ ਇਸ ਕੋਟੇ ਨਾਲ ਹਰ ਸਾਲ ਭਰੀਆਂ ਜਾਂਦੀਆਂ ਕਰੀਬ ਚਾਲੀ ਹਜ਼ਾਰਸੀਟਾਂ ਮੁਕਤ ਹੋ ਗਈਆਂ ਹਨ। ਇਨ੍ਹਾਂ ਵਿੱਚ ਇਕੱਲੇ ਕਰੀਬ ਅੱਠ ਹਜ਼ਾਰ ਸੀਟਾਂ ਪਾਰਲੀਮੈਂਟ ਮੈਂਬਰਾਂ ਦੀਆਂ ਸਿਫਾਰਸ਼ਾਂ ਨਾਲ ਭਰੀਆਂ ਜਾਂਦੀਆਂ ਸਨ। ਹਰ ਮੈਂਬਰ ਨੂੰ ਦਸ ਸੀਟਾਂ ਦਾ ਕੋਟਾ ਮਿਲਦਾ ਸੀ। ਖਾਸ ਗੱਲ ਇਹ ਕਿ ਕੇਂਦਰੀ ਵਿਦਿਆਲਿਆਂ ਵਿੱਚ ਵਿਸ਼ੇਸ਼ ਕੋਟੇ ਨਾਲ ਭਰੀਆਂ ਜਾਂਦੀਆਂ ਇਹ ਸੀਟਾਂ ਇਨ੍ਹਾਂ ਸਕੂਲਾਂ ਵਿੱਚ ਨਿਰਧਾਰਤ ਸਮਰੱਥਾ ਦੇ ਵਾਧੂ ਹੁੰਦੀਆਂ ਸਨ। ਇਸ ਲਈ ਇਸ ਦਾਖਲੇ ਨਾਲ ਕੇਂਦਰੀ ਵਿਦਿਆਲਿਆਂ ਦੀ ਗੁਣਵੱਤਾ ਸਮੇਤ ਵਿਦਿਆਰਥੀ ਅਨੁਪਾਤ ਸਮੇਤ ਕਈ ਨਿਯਮ ਪ੍ਰਭਾਵਤ ਹੁੰਦੇ ਹਨ। ਪ੍ਰਧਾਨ ਮੰਤਰੀ ਨੇ ਇਸ ਵਿੱਚ ਦਖਲ ਦਿੱਤਾ ਤੇ ਕੋਟੇ ਦੀ ਪ੍ਰਥਾ ਨੂੰ ਖਤਮ ਕਰਨ ਲਈ ਕਿਹਾ। ਇਸ ਪਿੱਛੋਂ ਸਭ ਤੋਂ ਪਹਿਲਾਂ ਸਿੱਖਿਆ ਮੰਤਰੀ ਨੇ ਖੁਦ ਆਪਣੇ ਕੋਟੇ ਨੂੰ ਖਤਮ ਕੀਤਾ। ਨਾਲ ਹੀ ਕੇ ਵੀ ਐਸ ਨੂੰ ਦਾਖਲੇ ਨਾਲ ਜੁੜੇ ਵਿਸ਼ੇਸ਼ ਕੋਟੇ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ।

ਇਸ ਦੌਰਾਨ ਕੇ ਵੀ ਐਸ ਨੇ ਦਾਖਲੇ ਬਾਰੇ ਸੋਧੇ ਹੋਏ ਨਿਰਦੇਸ਼ ਜਾਰੀ ਕੀਤੇ ਹਨ ਖੇਡਾਂ, ਸਕਾਊਟ ਗਾਈਡ ਅਤੇ ਫਾਈਨ ਆਰਟਸ ਵਰਗੇ ਖੇਤਰਾਂ ਨਾਲ ਜੁੜੇ ਪ੍ਰਤਿਭਾਸ਼ਾਲੀ ਬੱਚਿਆਂ, ਇਕੱਲੀ ਬੱਚੀ ਤੇ ਬਹਾਦਰੀ ਤੇ ਬਾਲਸ੍ਰੀ ਪੁਰਸਕਾਰ ਪ੍ਰਾਪਤ ਬੱਚਿਆਂ ਦਾ ਕੋਟਾ ਬਰਕਰਾਰ ਰੱਖਿਆ ਹੈ। ਇਸ ਦੇ ਨਾਲ ਹੀ ਕੋਰੋਨਾ ਵਿੱਚ ਅਨਾਥ ਹੋਏ ਬੱਚਿਆਂ ਤੇ ਕਸ਼ਮੀਰੀ ਹਿਜਰਤਕਾਰੀਆਂ ਦੇ ਬੱਚਿਆਂ ਲਈ ਦਾਖਲੇ ਵਿੱਚ ਖਾਸ ਰਿਆਇਤ ਜਾਰੀ ਰੱਖਣ ਦਾ ਵੀ ਫੈਸਲਾ ਕੀਤਾ ਹੈ।

# ਚੋਰ ਜੇ ਸੇ ਬੀ ਨਾਲ ਏਟੀਐਮ ਮਸ਼ੀਨਹੀ ਪੁੱਟ ਕੇ ਲੈ ਗਿਆ



ਸਾਂਗਲੀ, 27 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਵਿੱਚ ਇੱਕ ਅਣਪਛਾਤੇ ਵਿਅਕਤੀ ਨੇ ਇੱਕ ਜੇ ਸੇ ਬੀ ਮਸ਼ੀਨ ਚੋਰੀ ਕਰ ਕੇ ਉਸ ਨਾਲ ਇੱਕ ਏਟੀਐਮ ਮਸ਼ੀਨ ਪੁੱਟੀ ਤੇ ਨਾਲ ਲੈ ਗਿਆ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਘਟਨਾ 22-23 ਅਪ੍ਰੈਲ ਦੀ ਦਰਮਿਆਨੀ ਰਾਤ ਦੀ ਹੈ। ਮਿਰਾਜ ਤਹਿਸੀਲ ਦੇ ਆਗਰ ਪਿੰਡ ਵਿੱਚ ਇੱਕ ਨਿੱਜੀ ਖੇਤਰ ਦੇ ਬੈਂਕ ਦੇ ਏਟੀਐਮ ਸੈਂਟਰ ਦਾ ਇੱਕ ਸੀ ਸੀ ਟੀ ਵੀ ਫੁਟੇਜ ਵੀਡੀਓ ਮੀਡੀਆ ਉੱਤੇ ਵਾਇਰਲ ਹੋ ਗਿਆ, ਜਿਸ ਵਿੱਚ ਇੱਕ ਜੇ ਸੀ ਬੀ ਮਸ਼ੀਨ ਏਟੀਐਮ ਨੂੰ ਬਾਹਰ ਕੱਢਦੇ ਹੋਏ ਨਜ਼ਰ ਆ ਰਹੀ ਹੈ। ਥਾਣੇ ਦੇ ਇੰਚਾਰਜ ਨੇ ਕਿਹਾ ਕਿ ਇੱਕ ਅਣਪਛਾਤੇ ਵਿਅਕਤੀ ਨੇ ਜੇ ਸੀ ਬੀ ਮਸ਼ੀਨ ਚੋਰੀ ਕਰ ਕੇ ਉਸ ਦੀ ਵਰਤੋਂ ਏਟੀਐਮ ਮਸ਼ੀਨ ਨੂੰ ਪੁੱਟਣ ਲਈ ਕੀਤੀ।ਉਹ ਬਾਅਦ ਵਿੱਚ ਡਰ ਗਿਆ ਅਤੇ ਉਸ ਨੇ ਜੇ ਸੀ ਬੀ ਮਸ਼ੀਨ ਨੂੰ ਨੇੜੇ ਇਲਾਕੇ ਵਿੱਚ ਛੱਡ ਦਿੱਤਾ। ਜਾਂਚ ਦੌਰਾਨ ਏਟੀਐਮ ਦੇ ਅੰਦਰ 27 ਲੱਖ ਰੁਪਏ ਦੀ ਨਗਦੀ ਮਿਲੀ।

# ਜੇ ਭਾਰਤ ਵਿੱਚ ਕਾਰ ਵੇਚਣੀ ਹੈ ਤਾਂ ਟੇਸਲਾ ਕਾਰ ਇੱਥੇ ਹੀ ਬਣਾਉਣੀ ਹੋਵੇਗੀ



ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਅਮੀਰ ਐਲੋਨ ਮਸਕ ਇਨ੍ਹੀਂ ਦਿਨੀਂ ਸੁਰਖੀਆਂ ਵਿੱਚ ਹਨ। ਟੇਸਲਾ ਅਤੇ ਸਪੇਸਐਕਸ ਦੇ ਮਾਲਕ ਨੇ ਪਰਸੋਂ ਰਾਤ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਦਾ ਸੌਦਾ ਕੀਤਾ ਸੀ। ਇਸ ਤੋਂ ਬਾਅਦ ਕੱਲ੍ਹ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇੱਕ ਵਾਰ ਫਿਰ ਐਲੋਨ ਮਸਕ ਨੂੰ ਭਾਰਤ ਵਿੱਚ ਟੇਸਲਾ ਕਾਰ ਦੇ ਨਿਰਮਾਣ ਦੀ ਪੇਸ਼ਕਸ਼ ਕੀਤੀ, ਪਰ ਨਾਲ ਕਿਹਾ ਕਿ ਜੇ ਐਲੋਨ ਮਸਕ ਭਾਰਤ ਵਿੱਚ ਨਿਰਮਾਣ ਲਈ ਤਿਆਰ ਹਨ ਤਾਂ ਸਾਡੇ ਕੋਲ ਵੀ ਸਾਰੀ ਤਰ੍ਹਾਂ ਦੀ ਪ੍ਰਤੀਭਾ ਅਤੇ ਤਕਨਾਲੋਜੀ ਹੈ।

ਗਡਕਰੀ ਨੇ ਕਿਹਾ ਕਿ ਐਲੋਨ ਮਸਕ ਦਾ ਭਾਰਤ ਵਿੱਚ ਸਵਾਗਤ ਹੈ ਅਤੇ ਅਸੀਂ ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਟੇਸਲਾ ਕਾਰ ਦਾ ਨਿਰਮਾਣ ਭਾਰਤ ਵਿੱਚ ਕਰਨ। ਜੇ ਮਸਕ ਚੀਨ ਵਿੱਚਕਾਰ ਬਣਾਉਣ ਅਤੇ ਭਾਰਤ ਵਿੱਚ ਵੇਚਣਗੇ ਤਾਂ ਚੰਗਾ ਨਹੀਂ। ਕੇਂਦਰੀ ਮੰਤਰੀ ਨੇ ਰਾਇਸੀਨਾ ਡਾਇਲਾਗ ਵਿੱਚ ਕਿਹਾ ਕਿ ਮੇਰੀ ਅਪੀਲ ਹੈ ਕਿ ਉਹ ਭਾਰਤ ਆਉਣ ਅਤੇ ਇੱਥੇ ਨਿਰਮਾਣ ਕਾਰਜ ਸ਼ੁਰੂ ਕਰਨ। ਇਥੇ ਬੰਦਰਗਾਹ ਅਤੇ ਹਵਾਈ ਅੱਡੇ, ਵੱਡੀ ਮਾਰਕੀਟ ਵੀ ਉਪਲੱਬਧ ਹੈ।

ਮਦਰਾਸ ਹਾਈ ਕੋਰਟ ਦਾ ਫੈਸਲਾ:

# ਸਿਰਫ਼ ਖ਼ਿਡਾਰੀਆਂ ਨੂੰ ਖੇਡ ਯੂਨਿਟ ਦੇ ਅਹੁਦੇਦਾਰ ਬਣਾਉਣ ਦਾ ਹੁਕਮ ਬਰਕਰਾਰ

ਚੇਨਈ, 27 ਅਪ੍ਰੈਲ (ਪੋਸਟ ਬਿਊਰੋ)- ਮਦਾਰਸ ਹਾਈ ਕੋਰਟ ਨੇ ਸਿੰਗਲ ਬੈਂਚ ਦੇ ਫੈਸਲੇ ਵਿੱਚ ਕਿਹਾ ਕਿ ਸਿਆਸੀ ਤੇ ਹੋਰਨਾਂ ਲੋਕਾਂ ਨੂੰ ਨਹੀਂ, ਸਿਰਫ਼ ਖਿਡਾਰੀਆਂ ਨੂੰ ਖੇਡ ਫੈਡਰੇਸ਼ਨਾਂ ਦੇ ਅਹੁਦੇਦਾਰ ਹੋਣਾ ਚਾਹੀਦਾ ਹੈ।

ਮੁੱਖ ਜੱਜ ਜਸਟਿਸ ਐਮ ਐਨ ਭੰਡਾਰੀ ਅਤੇ ਜਸਟਿਸ ਡੀ ਭਾਰਤ ਚਰਕਵਰਤੀ ਦੀ ਬੈਂਚ ਨੇ ਤਾਮਿਲਨਾਡੂ ਵਿੱਚ ਇੱਕ ਫੈਡਰੇਸ਼ਨ ਦੀ ਪਟੀਸ਼ਨ ਨੂੰ ਰੱਦ ਕਰਦੇ ਹੋਏ ਸਿੰਗਲ ਜੱਜ ਦੇ ਫੈਸਲੇ ਨੂੰ ਕਾਇਮ ਰੱਖਿਆ। ਪੂਰੀ ਤਰ੍ਹਾਂ ਯੋਗ ਹੋਣ ਦੇ ਬਾਵਜੂਦ 2017 ਤੋਂ 2018 ਵਿਚਾਲੇ ਰਾਸ਼ਟਰੀ ਟੂਰਨਾਮੈਂਟਾਂ ਲਈ ਚੁਣੀ ਨਾ ਗਈ ਡਿਸਕਸ ਥ੍ਰੋਅ ਦੀ ਚੈਂਪੀਅਨ ਐਸ ਨਿਤਿਆ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਜੱਜਾਂ ਨੇ 19 ਜਨਵਰੀ ਨੂੰ ਤਾਮਿਲਨਾਡੂ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਅਜਿਹਾ ਕਾਨੂੰਨੀ ਖਾਕਾ ਬਣਾਇਆ ਜਾਵੇ, ਜਿਸ ਵਿੱਚ ਰਾਜ ਦੇ ਹਰ ਖੇਡ ਫੈਡਰੇਸ਼ਨ, ਕਲੱਬ ਅਤੇ ਰਾਸ਼ਟਰੀ ਖੇਡ ਫੈਡਰੇਸ਼ਨਦੀਆਂ ਪ੍ਰਦੇਸ਼ ਇਕਾਈਆਂ ਦੇ ਕੰਮ ਦਾ ਕੰਟਰੋਲ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਹਰ ਖੇਡ ਫੈਡਰੇਸ਼ਨਤੇ ਐਨ ਐਸ ਐਫ਼ ਦੀ ਸੂਬਾ ਇਕਾਈ ਦਾ ਮੁੱਖੀ, ਉਪ ਮੁਖੀ ਤੇ ਸਕੱਤਰ ਖਿਡਾਰੀ ਹੀ ਹੋਣਾ ਚਾਹੀਦਾ ਹੈ। ਇਸਦੇ ਨਾਲ ਤੈਅ ਕੀਤਾ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਖੇਡ ਇਕਾਈ, ਸੰਗਠਨ ਜਾਂ ਐਨ ਐਸ ਐਫ਼ ਦੇ 75 ਫ਼ੀਸਦੀ ਮੈਂਬਰ ਖੇਡਾਂ ਦੇ ਖੇਤਰ ਦੇ ਸਨਮਾਨਤ ਵਿਅਕਤੀ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਵੋਟਿੰਗ ਦਾ ਅਧਿਕਾਰ ਹੋਵੇ। ਇਸ ਦੇ ਨਾਲ ਖਿਡਾਰੀਆਂ ਦੀ ਚੋਣ ਅਜਿਹੀ ਚੋਣ ਕਮੇਟੀ ਕਰੇ, ਜਿਸ ਦੇ ਮੈਂਬਰ ਸਿਰਫ਼ ਖ਼ਿਡਾਰੀ ਹੀ ਹੋਣ। ਖੇਡ ਇਕਾਈਆਂ ਨੂੰ ਆਰਥਿਕ ਸਹਾਇਤਾ ਦੇਣ ਦੇ ਬਦਲੇ ਕਿਸੇ ਵਿਅਕਤੀ ਨੂੰ ਅਹੁਦਾ ਨਹੀਂ ਦੇਣਾ ਚਾਹੀਦਾ। ਇਸ ਫ਼ੈਸਲੇ ਵਿਰੁੱਧ ਤਾਮਿਲਨਾਡੂ ਫੈਡਰੇਸ਼ਨਨੇ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ।







# ਰਾਸ਼ਟਰਪਤੀ ਦੀ ਚੋਣ 'ਚ ਵਿਰੋਧੀ ਪਾਰਟੀਆਂ ਦੀ ਰਾਹ ਮੁਸ਼ਕਲ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰਪਤੀ ਚੋਣ ਲਈ ਵਿਰੋਧੀ ਪਾਰਟੀਆਂ ਨੇ ਇਕਜੁੱਟ ਹੋ ਕੇ ਸਾਂਝਾ ਉਮੀਦਵਾਰ ਉਤਾਰਨ ਦੀਆਂ ਸਿਆਸੀ ਸੰਭਾਵਨਾਵਾਂ ਦੀ ਭਾਲ ਬੇਸ਼ੱਕ ਸ਼ੁਰੂ ਕਰ ਦਿੱਤੀ ਹੈ, ਪਰ ਵੋਟਾਂ ਦੇ ਮੌਜੂਦਾ ਸਮੀਕਰਨ ਵਿੱਚ ਭਾਜਪਾ-ਐਨ ਡੀ ਏ ਦਾ ਪੱਲਾ ਸਪੱਸ਼ਟ ਤੌਰ ਉੱਤੇ ਭਾਰੀ ਹੈ।




ਕਾਂਗਰਸ-ਯੂ ਪੀ ਏ ਨਾਲ ਹੋਰਨਾਂ ਵਿਰੋਧੀ ਦਲਾਂ ਦੇ ਇਕਜੁੱਟ ਹੋ ਕੇ ਸਾਂਝਾ ਉਮੀਦਵਾਰ ਉਤਾਰਨ ਦੀ ਰਣਨੀਤੀ ਰਾਸ਼ਟਰਪਤੀ ਚੋਣ ਨੂੰ ਰੌਚਕ ਜ਼ਰੂਰ ਬਣਾਏਗੀ। ਅਜਿਹੇ ਵਿੱਚ ਬੀ ਜੇ ਡੀ, ਵਾਈ ਐਸ ਆਰ ਕਾਂਗਰਸ, ਬਸਪਾ ਅਤੇ ਜੇ ਡੀ ਐਸ ਜਿਹੀਆਂ ਦੋਵੇਂ ਧੜਿਆਂ ਤੋਂ ਬਾਹਰ ਰਹਿਣ ਵਾਲੀਆਂ ਪਾਰਟੀਆਂ ਦੀ ਭੂਮਿਕਾ ਫੈਸਲਾਕੁੰਨ ਹੋਵੇਗੀ। ਭਾਰਤ ਦੇ 16ਵੇਂ ਰਾਸ਼ਟਰਪਤੀ ਵੱਲੋਂ ਅਗਲੀ 25 ਜੁਲਾਈ ਨੂੰ ਆਪਣਾ ਅਹੁਦਾ ਸੰਭਾਲਿਆ ਜਾਏਗਾ, ਇਸ ਲਈ ਬੁੱਧਵਾਰ ਤੋਂ ਇਸ ਵਿੱਚ ਸਿਰਫ ਤਿੰਨ ਮਹੀਨੇ ਭਾਵ ਨੱਬੇ ਦਿਨ ਦਾ ਸਮਾਂ ਰਹਿ ਗਿਆ ਹੈ। ਇਸ ਪੱਖੋਂ ਰਾਸ਼ਟਰਪਤੀ ਚੋਣ ਪ੍ਰਕਿਰਿਆ ਜੁਲਾਈ ਦੇ ਤੀਜੇ ਹਫਤੇ ਤਕ ਪੂਰੀ ਹੋ ਜਾਵੇਗੀ। ਸਾਰੀਆਂ ਸਿਆਸੀ ਪਾਰਟੀਆਂ ਨੂੰ ਮਿਲਣ ਦੀ ਕਸਰਤ ਹੌਲੀ-ਹੌਲੀ ਸ਼ੁਰੂ ਹੋ ਗਈ ਹੈ। ਬੀ ਜੇ ਡੀ ਅਤੇ ਵਾਈ ਐਸ ਆਰ ਕਾਂਗਰਸ ਨਾਲ ਭਾਜਪਾ ਦੇ ਸਿਆਸੀ ਨੇੜ ਕਾਰਨ ਇਨ੍ਹਾਂ ਦੇ ਐਨ ਡੀ ਏ ਨਾਲ ਜਾਣ ਦੀ ਮਜ਼ਬੂਤ ਸੰਭਾਵਨਾ ਹੈ। ਇਨ੍ਹਾਂ ਦੋਵਾਂ ਦਲਾਂ ਦੀਆਂ ਪਾਰਲੀਮੈਂਟ ਅਤੇ ਸੂਬਾ ਵਿਧਾਨ ਸਭਾਵਾਂ ਵਿੱਚਲੀਆਂ ਕੁੱਲ ਵੋਟਾਂ ਐਨ ਡੀ ਏ ਦੇ ਪੱਖ ਵਿੱਚ ਚੋਣ ਪੱਲੜੇ ਨੂੰ ਝੁਕਾਉਣ ਲਈ ਕਾਫੀ ਹਨ। ਰਾਸ਼ਟਰਪਤੀ ਚੋਣ ਵਿੱਚ ਪਾਰਲੀਮੈਂਟ ਮੈਂਬਰਾਂ ਦੀਆਂ ਵੋਟਾਂ ਦੇ ਕੁੱਲ ਮੁੱਲ ਵਿੱਚ ਐਨ ਡੀ ਏ ਨੂੰ ਕਾਂਗਰਸ-ਯੂ ਪੀ ਏ ਨਹੀਂ, ਸਾਰੀ ਵਿਰੋਧੀ ਧਿਰ ਦੇ ਇਕਜੁੱਟ ਹੋ ਜਾਣ ਦੀ ਸਥਿਤੀ ਵਿੱਚ ਵੀ ਸਪੱਸ਼ਟ ਬੜਤ ਹੈ। ਲੋਕ ਸਭਾ ਦੇ ਕੁੱਲ 543 ਵਿੱਚੋਂ ਇਸ ਵੇਲੇ 540 ਮੈਂਬਰ ਹਨ ਅਤੇ ਤਿੰਨ ਸੀਟਾਂ ਆਜ਼ਮਗੜ੍ਹ, ਰਾਮਪੁਰ ਤੇ ਸੰਗਰੂਰ ਕ੍ਰਮਵਾਰ ਅਖਿਲੇਸ਼ ਯਾਦਵ, ਆਜ਼ਮ ਖਾਂ ਅਤੇ ਭਗਵੰਤ ਮਾਨ ਦੇ ਅਸਤੀਫੇ ਕਾਰਨ ਖਾਲੀ ਹਨ। ਰਾਜ ਸਭਾ ਦੇ ਕੁੱਲ 245 ਮੈਂਬਰਾਂ ਵਿੱਚੋਂ 15 ਸੀਟਾਂ ਖਾਲੀ ਹਨ। ਰਾਜ ਸਭਾ ਤੇ ਲੋਕ ਸਭਾ ਦੇ ਕੁੱਲ ਮੈਂਬਰਾਂ ਦੀ ਗਿਣਤੀ ਹਾਲੇ 770 ਹੈ ਅਤੇ ਮੌਜੂਦਾ ਵੋਟਾਂ ਦਾ ਕੁੱਲ ਮੁੱਲ 5,45,160 ਹੈ ਤੇ ਇਸ ਵਿੱਚ ਭਾਜਪਾ-ਐਨ ਡੀ ਏ ਨੂੰ 3,14,352 ਵੋਟਾਂ ਨਾਲ ਵੱਡਾ ਬਹੁਮਤ ਹਾਸਲ ਹੋਵੇਗਾ।

# ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਝੋਨੇ ਦੀ ਸਿੱਧੀ ਤਕਨੀਕ ਅਪਨਾਉਣ ਦੀ ਜ਼ਰੂਰਤ: ਡਾ. ਅਮਰੀਕ ਸਿੰਘ

ਪਠਾਨਕੋਟ: 27 ਅਪ੍ਰੈਲ (ਰਾਜਿੰਦਰ ਸਿੰਘ ਰਾਜਨ) ਡਾ. ਗੁਰਵਿੰਦਰ ਸਿੰਘ ਡਾਇਰੈਕਟਰ ਖੇਤਬਾੜੀ ਪੰਜਾਬ ਅਤੇ ਸ੍ਰੀ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਭਾਰਤ ਸਰਕਾਰ ਵੱਲੋਂ ਮਿਤੀ 24 ਅਪ੍ਰੈਲ ਤੋਂ 1 ਮਈ ਤੱਕ ਚਲਾਈ ਜਾ ਰਹੀ "ਕਿਸਾਨ ਭਾਗੀਦਾਰੀ ਪ੍ਰਾਥਮਿਕਤਾ ਹਮਾਰੀ" ਮੁਹਿੰਮ ਤਹਿਤ ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪੰਜਾਬ ਨੈਸ਼ਨਲ ਬੈਂਕ ਅਤੇ ਐਗਰੀਕਲਚਰਲ ਟੈਕਨਾਲੋਜੀ ਮੈਨੇਜਮੈਂਟ ਏਜੰਸੀ(ਆਤਮਾ) ਦੇ ਸਹਿਯੋਗ ਨਾਲ ਸਰਹੱਦੀ ਪਿੰਡ ਅੰਤੋਰ ਵਿੱਚ ਬਲਾਕ ਪੱਧਰੀ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਮੌਕੇ ਡਾ, ਅਮਰੀਕ ਸਿੰਘ ਬਲਾਕ ਖੇਤੀਬਾੜੀ ਅਫਸਰ,ਸਰਪੰਚ ਪਰਮਜੀਤ ਸਿੰਘ,ਸ਼੍ਰੀ ਸੁਨੀਲ ਦੱਤ ਮੁੱਖ ਲੀਡ ਬੈਂਕ ਮੈਨੇਜ਼ਰ,ਸ਼੍ਰੀ ਸਤੀਸ਼ ਕੁਮਾਰ ਬਰਾਂਚ ਮੈਨੇਜ਼ਰ, ਡਾ. ਪ੍ਰਿਤਪਾਲ ਸਿੰਘ ,ਡਾ. ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ,ਸ਼੍ਰੀ ਜਤਿੰਦਰ ਕੁਮਾਰ ਖੇਤੀਬਾਵੀ ਵਿਸਥਾਰ ਅਫਸਰ,ਡਾ. ਸੁਖਪ੍ਰੀਤ ਸਿੰਘ ਡਿਪਟੀ ਪੀ ਡੀ



ਆਤਮਾ,ਡਾ.ਨੌਨਿਹਾਲ ਸਿੰਘ ਬੀ ਟੀਐਮ,ਸੁਭਮ ਕੁਮਾਰ ਏ ਟੀ ਐਮ,ਸ਼੍ਰੀ ਪਵਨ ਕੁਮਾਰ ਥਾਪਾ, ਸਮੂਹ ਸਟਾਫ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਸਨ।

ਵਿਚਾਰ ਗੋਸ਼ਟੀ ਵਿੱਚ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਜਿਸ ਕਾਰਨ ਭਵਿੱਖ ਦੀ ਖੇਤੀ ਖਤਰੇ ਵਿੱਚ ਪੈ ਗਈ ਹੈ। ਉਨਾਂ ਕਿਹਾ ਕਿ ਜੇਕਰ ਸਾਨੂੰ ਅਗਲੀਆਂ ਪੀੜੀਆਂ ਲਈ ਪਾਣੀ ਬਚਾਉਣਾ ਹੈ ਤਾਂ ਸਾਨੂੰ ਘੱਟ ਪਾਣੀ ਖਪਤ ਕਰਨ ਵਾਲੀਆ ਝੋਨਾ ਕਾਸ਼ਤਕਾਰੀ ਤਕਨੀਕਾਂ ਅਪਨਾਉਣੀਆ ਪੈਣਗੀਆਂ। ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨੂੰ ਅਪਣਾ ਕੇ ਪਾਣੀ ਦੀ ਬੱਚਤ ਦੇ ਨਾਲ ਨਾਲ ਖੇਤੀ ਲਾਗਤ ਖਰਚੇ ਘਟਾਏ ਜਾ ਸਕਦੇ ਹਨ। ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਸਾਉਣ/ਚਾੜੇ ਤੋਂ ਪ੍ਰਭਾਵਤ,ਗੰਨੇ ਦੀ ਫਸਲ ਤੋ ਵਿਹਲੇ ਹੋਏ ਖੇਤਾਂ ਦੀ ਚੋਣ ਨਾਂ ਕੀਤੀ ਜਾਵੇ। ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਤਰ ਵੱਤਰ ਤਕਨੀਕ ਵਰਤੀ ਜਾਵੇ ਅਤੇ ਪਹਿਲਾ ਪਾਣੀ ਬਿਜਾਈ ਤੋਂ 21 ਦਿਨਾਂ ਬਾਅਦ ਲਾਇਆ ਜਾਵੇ। ਉਨਾਂ ਕਿਹਾ ਕਿ ਜ਼ਮੀਨ ਦੀ ਸਿਹਤ ਸੁਧਾਰਨ ਲਈ ਕਣਕ ਦੀ ਕਟਾਈ ਉਪਰੰਤ ਜੰਤਰ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਜ਼ਿਲਾ ਪਠਾਨਕੋਟ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਵੱਲੋਂ ਸਿਫਾਰਸ਼ ਕੀਤੀਆਂ ਝੋਨੇ ਦੀਆ ਕਿਸਮਾਂ ਤੋਂ ਇਲਾਵਾ ਕੋਈ ਕਿਸਮ ਦਾ ਬੀਜ ਨਹੀਂ ਵੇਚਣ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਕਿਸਾਨ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਨਾਂ ਕਰਨ ਕਿਉਂਕਿ ਟੋਟਾ ਜ਼ਿਆਦਾ ਹੋਣ ਕਾਰਨ ਸ਼ੈਲਰ ਮਾਲਕਾਂ ਅਤੇ ਆੜਤੀਆਂ ਨੂੰ ਨੁਕਸਾਨ ਹੁੰਦਾ ਹੈ । ਉਨਾਂ ਕਿਹਾ ਕਿ ਹਾਈਬ੍ਰਿਡ ਕਿਸਮਾਂ ਦੀ ਕਾਸਤ ਕਰਨ ਨਾਲ ਕਿਸਾਨਾਂ ਦੀ ਵੀ ਖੱਜਲ ਖਰਾਬੀ ਹੁੰਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜ਼ਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



Tri-City Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777



Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8

SOLD $1,399,999
CASTLEMORE/GOREWAY

SOLD $1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply in Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017